# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19 *Issue 08 Wednesday, January 15, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Care
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


## ਹਾਦਸੇ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾ ਦਿਤੇ ਜਾਣ ਬਾਰੇ ਟਰੂਡੋ ਨਾਲ ਕੀਤਾ ਵਿਚਾਰ ਵਟਾਂਦਰਾ : ਜ਼ੈਲੈਂਸਕੀ





ਓਟਵਾ, 14 ਜਨਵਰੀ (ਪੋਸਟ ਬਿਊਰੋ) : ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਿਛਲੇ ਹਫਤੇ ਤਹਿਰਾਨ ਨੇੜੇ ਯੂਕਰੇਨੀਆਈ ਜਹਾਜ਼ ਨੂੰ ਆਪਣੀ ਮਿਜ਼ਾਈਲ ਦਾ ਨਿਸ਼ਾਨਾ ਬਣਾਉਣ ਲਈ ਜ਼ਿੰਮੇਵਾਰ ਇਰਾਨੀਆਂ ਨੂੰ ਸਜ਼ਾ ਦੇਣ ਦੇ ਮੁੱਦੇ ਉੱਤੇ ਵਿਚਾਰ ਵਟਾਂਦਰਾ ਕੀਤਾ ਹੈ। ਜ਼ਿਕਰਯੋਗ ਹੈ ਕਿ ਇਸ ਹਾਦਸੇ ਵਿੱਚ 176 ਲੋਕ ਮਾਰੇ ਗਏ ਸਨ।

ਇਸ ਹਾਦਸੇ ਦੇ ਸਬੰਧ ਵਿੱਚ ਇਰਾਨ ਵੱਲੋਂ ਗ੍ਰਿਫਤਾਰੀਆਂ ਦਾ ਐਲਾਨ ਕੀਤੇ ਜਾਣ ਤੋਂ ਕਈ ਘੰਟੇ ਬਾਅਦ ਜ਼ੈਲੈਂਸਕੀ ਟਰੂਡੋ ਨਾਲ ਆਪਣੀ ਤਾਜ਼ਾ ਗੱਲਬਾਤ ਬਾਰੇ ਟਵਿੱਟਰ ਉੱਤੇ ਜਾਣਕਾਰੀ ਦੇ ਰਹੇ ਸਨ। ਇੰਜ ਲੱਗ ਰਿਹਾ ਹੈ ਕਿ ਕੈਨੇਡਾ, ਯੂਕਰੇਨ ਤੇ ਉਨ੍ਹਾਂ ਦੇ ਕੌਮਾਂਤਰੀ ਭਾਈਵਾਲ, ਇਸ ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਨਿਆਂ ਦਿਵਾਉਣ ਲਈ, ਵੀਰਵਾਰ ਨੂੰ ਮੀਟਿੰਗ ਕਰਨ ਦੀ ਤਿਆਰੀ ਕਰ ਰਹੇ ਹਨ।

ਜ਼ੈਲੈਂਸਕੀ ਨੇ ਆਖਿਆ ਕਿ ਸਾਡੇ ਯੂਕਰੇਨੀਆਈ ਮਾਹਿਰ ਤੇ ਡਿਪਲੋਮੈਟਸ ਤਹਿਰਾਨ ਵਿੱਚ ਸਾਡੇ ਕੈਨੇਡੀਅਨ ਹਮਰੁਤਬਾ ਅਧਿਕਾਰੀਆਂ ਨਾਲ ਸਹਿਯੋਗ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਆਖਿਆ ਕਿ ਉਹ ਇੱਕ ਵਾਰੀ ਫਿਰ ਜਸਟਿਨ ਟਰੂਡੋ ਕੋਲ ਇਸ ਦੀ ਪੁਸ਼ਟੀ ਕਰਦੇ ਹਨ। ਅਸੀਂ ਇਸ ਤ੍ਰਾਸਦੀ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦਿਵਾਉਣ ਲਈ ਇਸ ਵਾਰੀ ਫਿਰ ਹੰਭਲਾ ਮਾਰਾਂਗੇ। ਯੂਕਰੇਨੀਆਈ ਸਰਕਾਰ ਵੱਲੋਂ ਮੁਹੱਈਆ ਕਰਵਾਏ ਗਏ ਹੋਰ ਵੇਰਵੇ ਅਨੁਸਾਰ ਜ਼ੈਲੈਂਸਕੀ ਤੇ ਟਰੂਡੋ ਨੇ ਇਸ ਜਹਾਜ਼ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਦੀ ਕੌਮਾਂਤਰੀ ਕਾਨੂੰਨੀ ਜਵਾਬਦੇਹੀ ਯਕੀਨੀ ਬਣਾਉਣ ਲਈ ਵੀ ਸਾਂਝੀ ਕੋਸ਼ਿਸ਼ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ।

...ਬਾਕੀ ਪੰਨਾ 6 'ਤੇ

## ਗੁਰਦੁਆਰਾ ਛੋਟਾ ਨਾਨਕਿਆਣਾ, ਦੀਪਾਲਪੁਰ, ਜ਼ਿਲ੍ਹਾ ਉਕਾੜਾ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਛੋਟਾ ਨਾਨਕਿਆਣਾ, ਦੀਪਾਲਪੁਰ, ਜ਼ਿਲ੍ਹਾ ਉਕਾੜਾ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਇਮੀਗ੍ਰੇਸ਼ਨ ਮੰਤਰੀ ਵੱਲੋਂ ਬਰੈਂਪਟਨ ਦਾ ਦੌਰਾ



ਬਰੈਂਪਟਨ, 14 ਜਨਵਰੀ (ਪੋਸਟ ਬਿਊਰੋ) : ਬਰੈਂਪਟਨ ਨੌਰਥ ਤੋਂ ਮੁੜ ਚੁਣੀ ਗਈ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਨੇ ਬਰੈਂਪਟਨ ਦੇ ਆਪਣੇ ਸਹਿਯੋਗੀਆਂ ਐਮਪੀ ਮਨਿੰਦਰ ਸਿੱਧੂ (ਬਰੈਂਪਟਨ ਈਸਟ) ਤੇ ਐਮਪੀ ਰਮੇਸ਼ ਸੰਘਾ (ਬਰੈਂਪਟਨ ਸੈਂਟਰ) ਨਾਲ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਮੰਤਰੀ ਮਾਰਕੋ ਮੈਂਡੀਸਿਨੋ ਦਾ ਬਰੈਂਪਟਨ ਪਹੁੰਚਣ ਉੱਤੇ ਸਵਾਗਤ ਕੀਤਾ। ਮੈਂਡੀਸਿਨੋ ਕਮਿਊਨਿਟੀ ਸਟੇਕਹੋਲਡਰਜ਼ ਨਾਲ ਗੋਲਮੇਜ਼ ਮੀਟਿੰਗ ਵਿੱਚ ਹਿੱਸਾ ਲੈਣ ਲਈ ਆਏ ਹਨ।

ਮੈਂਡੀਸਿਨੋ ਨੇ ਐਮਪੀ ਸਟਾਫ ਨਾਲ ਆਪਣੇ ਤਜ਼ਰਬੇ ਸਾਂਝੇ ਕੀਤੇ ਤੇ ਦੱਸਿਆ ਕਿ ਕਿਸ ਤਰ੍ਹਾਂ ਕੈਨੇਡਾ ਸਰਕਾਰ ਇਮੀਗ੍ਰੇਸ਼ਨ ਸਿਸਟਮ ਵਿੱਚ ਸੁਧਾਰ ਕਰਨਾ ਜਾਰੀ ਰੱਖ ਸਕਦੀ ...ਬਾਕੀ ਪੰਨਾ 6 'ਤੇ

## ਯੂਕਰੇਨ ਜਹਾਜ਼ ਹਾਦਸੇ ਵਿੱਚ ਇਰਾਨ ਨੇ ਕੁੱਝ ਲੋਕਾਂ ਨੂੰ ਕੀਤਾ ਗ੍ਰਿਫਤਾਰ

ਦੁਬਈ, 14 ਜਨਵਰੀ (ਪੋਸਟ ਬਿਊਰੋ) : ਇਰਾਨ ਦੀ ਨਿਆਂਪਾਲਿਕਾ ਨੇ ਮੰਗਲਵਾਰ ਨੂੰ ਇਹ ਦੱਸਿਆ ਕਿ ਯੂਕਰੇਨੀਆਈ ਜਹਾਜ਼ ਨੂੰ ਗਲਤੀ ਨਾਲ ਫੁੰਡਣ ਦੇ ਮਾਮਲੇ ਵਿੱਚ ਗ੍ਰਿਫਤਾਰੀ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਤਹਿਰਾਨ ਤੋਂ ਉਡਾਣ ਭਰਨ ਤੋਂ ਥੋੜ੍ਹੀ ਦੇਰ ਬਾਅਦ ਹੀ ਇਹ ਜਹਾਜ਼ ਮਿਜ਼ਾਈਲ ਦਾ ਸ਼ਿਕਾਰ ਹੋ ਗਿਆ ਸੀ।



ਇਸ ਹਾਦਸੇ ਵਿੱਚ 176 ਲੋਕ ਮਾਰੇ ਗਏ ਸਨ। ...ਬਾਕੀ ਪੰਨਾ 6 'ਤੇ


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇਨਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B
416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGECON CONSTRUCTION
Fully Insured | Team of licensed trades | Quality work & on-time insured
RESIDENTIAL
ਕਸਟਮ ਮੇਡ ਘਰ
ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ
ਲੀਗਲ ਬੇਸਮੈਂਟ
COMMERCIAL
New store design & build
Lease hold Improvements
Medical, offices, retail, restaurants & salon
FAST TRACK PERMIT & CONSTRUCTION
437.219.5009
info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

Home Address Signs
$40 OFF
ONLY THIS WEEK
289.981.8187

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ
ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma
Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Completly Furnished
Legal Basement
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
416 938 4598

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਲੱਗਦੀ ਗੱਲ ਨਹੀਂ ਜਾਪ ਰਹੀ ਕਿਸੇ ਪਾਸੇ,
ਨਵੇਂ ਕਾਨੂੰਨ ਦਾ ਵਧ ਗਿਆ ਭੇੜ ਮਿੱਤਰ।
ਜਿਹੜੇ ਕਰਦੇ ਹਮਾਇਤ ਸਰਕਾਰ ਦੀ ਆ,
ਰਹੇ ਨੇ ਚੱਕਰ ਜਨੂੰਨੀ ਜਿਹਾ ਗੇੜ ਮਿੱਤਰ।
ਕਰਦਾ ਕੋਈ ਵਿਰੋਧ ਨਹੀਂ ਸੁਣਨਗੇ ਉਹ,
ਉਹ ਤਾਂ ਆਪ ਚੁਆਤੀ ਰਹੇ ਛੇੜ ਮਿੱਤਰ।
ਕੋਈ ਨਹੀਂ ਗੱਲ ਦਲੀਲਾਂ ਦੀ ਸੁਣੀ ਜਾਂਦੀ,
ਥਾਂਓਂ-ਥਾਂ ਦਿੱਤੇ ਹਨ ਲੋਕ ਨਿਖੇੜ ਮਿੱਤਰ।
ਸੁਫਨੇ ਜਿਹੜੇ ਸਨ ਚੰਦ ਵੱਲ ਚੜ੍ਹਨ ਵਾਲੇ,
ਬਿਜਲੀ ਉਨ੍ਹਾਂ 'ਤੇ ਰਹੀ ਹੈ ਕੜਕ ਮਿੱਤਰ।
ਦਾਅਵਾ ਅੱਗੇ ਵੱਲ ਵਧਣ ਦਾ ਕਰਨ ਨਾਲੇ,
ਫੜੀ ਪਿਛਾਂਹ ਵੱਲ ਜਾਣ ਨੂੰ ਸੜਕ ਮਿੱਤਰ।

**ਤੀਸ ਮਾਰ ਖਾਂ**

# ਪੰਜਾਬ ਦੇ ਮੰਤਰੀਆਂ ਨੇ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵਿਰੁੱਧ ਮੋਰਚਾ ਖੋਲ੍ਹਿਆ

ਚੰਡੀਗੜ੍ਹ, 14 ਜਨਵਰੀ, (ਪੋਸਟ ਬਿਊਰੋ)- ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਮੰਤਰੀਆਂ ਨੇ ਰਾਜ ਸਭਾ ਮੈਂਬਰ ਅਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਸਾਰਿਆਂ ਨੇ ਇਕ ਸੁਰ ਵਿੱਚ ਕਾਂਗਰਸ ਹਾਈ ਕਮਾਨ ਤੋਂ ਬਾਜਵਾ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

ਅੱਜ ਮੰਗਲਵਾਰ ਪੰਜਾਬ ਕੈਬਨਿਟ ਦੀ ਮੀਟਿੰਗ ਤੋਂ ਪਹਿਲਾਂ ਸਾਰੇ ਮੰਤਰੀਆਂ ਨੇ ਪ੍ਰਤਾਪ ਸਿੰਘ ਬਾਜਵਾ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖ਼ਿਲਾਫ਼ ਜਨਤਕ ਤੌਰ ਉੱਤੇ ਵਾਰ ਵਾਰ ਹਮਲੇ ਤੇ ਆਲੋਚਨਾ ਕਰਨ ਬਾਰੇ ਕਿਹਾ ਕਿ ਬਾਜਵਾ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਇਨ੍ਹਾਂ ਮੰਤਰੀਆਂ ਨੇ ਕਿਹਾ ਕਿ ਜੇ ਕੋਈ ਸ਼ਿਕਾਇਤ ਹੈ ਤਾਂ ਬਾਜਵਾ ਪਾਰਟੀ ਵਿੱਚ ਆਪਣੇ ਰੱਖ ਸਕਦੇ ਹਨ, ਪਰ ਉਹ ਜਾਣ-ਬੁੱਝ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਰਾਜ ਸਰਕਾਰ ਦੀ ਨਿੰਦਾ ਕਰਦੇ ਰਹਿੰਦੇ ਹਨ। ਇਨ੍ਹਾਂ ਮੰਤਰੀਆਂ ਨੇ ਪ੍ਰਤਾਪ ਸਿੰਘ ਬਾਜਵਾ ਉੱਤੇ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਹੱਥੀਂ ਖੇਡਣ ਦਾ ਦੋਸ਼ ਲਾ

### * ਬਾਜਵਾ ਵੱਲੋਂ ਕੈਪਟਨ ਸਰਕਾਰ ਦੀ ਫਿਰ ਆਲੋਚਨਾ

ਕੇ ਕਿਹਾ ਕਿ ਉਹ ਪਾਰਟੀ ਲੀਡਰਸ਼ਿਪ ਖ਼ਿਲਾਫ਼ ਬਗ਼ਾਵਤ ਦਾ ਝੰਡਾ ਚੁੱਕ ਰਹੇ ਹਨ, ਜਦੋਂ ਰਾਜ ਸਰਕਾਰ ਨੂੰ ਵਿਰੋਧੀ ਧਿਰ ਤੋਂ ਕੋਈ ਚੁਣੌਤੀ ਨਹੀਂ ਦਿੱਸਦੀ। ਮੰਤਰੀਆਂ ਨੇ ਕਿਹਾ ਕਿ ਜੇ ਇਹ ਵਿਹਾਰ ਰੋਕਿਆ ਨਾ ਗਿਆ ਤਾਂ ਪਾਰਟੀ ਵਿੱਚ ਹੇਠਾਂ ਗ਼ਲਤ ਸੰਦੇਸ਼ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਜਮਹੂਰੀ ਸਿਧਾਂਤਾਂ ਵਾਲੀ ਪਾਰਟੀ ਹੈ ਤੇ ਹਰ ਮੈਂਬਰ ਨੂੰ ਆਪਣੀ ਗੱਲ ਰੱਖਣ ਦਾ ਹੱਕ ਹੈ, ਪਰ ਜਨਤਕ ਤੌਰ ਉੱਤੇ ਮੱਤਭੇਦਾਂ ਦਾ ਪ੍ਰਗਟਾਵਾ ਤੇ ਇਕ ਸੀਨੀਅਰ ਆਗੂ ਦੇ ਅਜਿਹੇ ਬਿਆਨ ਦੇਣਾ ਪਾਰਟੀ ਦੇ ਹਿੱਤਾਂ ਲਈ ਨੁਕਸਾਨ ਦੇਹ ਹਨ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਇਸ ਦੌਰਾਨ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਦਾ ਵਿਹਾਰ ਪਾਰਟੀ ਨੂੰ ਕਮਜ਼ੋਰ ਕਰਨ ਵਾਲਾ ਹੈ। ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਹਰ ਕਿਸੇ ਨੂੰ




ਮਨ ਮਰਜ਼ੀ ਮੁਤਾਬਕ ਬੋਲਣ ਦੀ ਖੁੱਲ੍ਹ ਨਹੀਂ ਹੋ ਸਕਦੀ। ਲੋਕਲ ਬਾਡੀਜ਼ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਇਹ ਮੁੱਦਾ ਦਿੱਲੀ ਵਿਖੇ ਪਾਰਟੀ ਹਾਈ ਕਮਾਂਨ ਕੋਲ ਰੱਖਣਾ ਚਾਹੀਦਾ ਹੈ ਤੇ ਕਿ ਕਿਸੇ ਤਰ੍ਹਾਂ ਦਾ ਮਤਭੇਦ ਹੈ ਤਾਂ ਪਾਰਟੀ ਪੱਧਰ ਉੱਤੇ ਰੱਖਣਾ ਤੇ ਹੱਲ ਕਰਨਾ ਚਾਹੀਦਾ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ 'ਅਸੀਂ ਆਪਸੀ ਏਕੇ ਸਦਕਾ ਪੰਜਾਬ ਵਿਚ ਐਨੀਆਂ ਸੀਟਾਂ ਜਿੱਤੀਆਂ ਹਨ, ਇਸ ਏਕਤਾ ਨੂੰ ਭੰਗ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।'

ਹੋਰਨਾਂ ਮੰਤਰੀਆਂ ਓਮ ਪ੍ਰਕਾਸ਼ ਸੋਨੀ, ਸਾਧੂ ਸਿੰਘ ਧਰਮਸੋਤ ਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਵੀ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਦੀਆਂ ਕਾਰਵਾਈਆਂ ਪਾਰਟੀ ਦਾ ਨੁਕਸਾਨ ਕਰ ਰਹੀਆਂ ਹਨ। ਮੰਤਰੀਆਂ ਅਰੁਣਾ ਚੌਧਰੀ, ਰਜ਼ੀਆ ਸੁਲਤਾਨਾ, ਸੁਖਜਿੰਦਰ ਸਿੰਘ ਰੰਧਾਵਾ, ਸੁਖਬਿੰਦਰ ਸਿੰਘ ਸਰਕਾਰੀਆ, ਗੁਰਪ੍ਰੀਤ ਸਿੰਘ ਕਾਂਗੜ, ਵਿਜੈ ਇੰਦਰ ਸਿੰਗਲਾ, ਸੁੰਦਰ ਸ਼ਾਮ ਅਰੋੜਾ ਅਤੇ ਭਾਰਤ ਭੂਸ਼ਣ ਆਸ਼ੂ ਨੇ ਪਾਰਟੀ ਹਾਈ ਕਮਾਂਨ ਦੇ ਦਖ਼ਲ ਨਾਲ ਸਹਿਮਤੀ ਪ੍ਰਗਟਾਈ ਹੈ। ਇਨ੍ਹਾਂ ਸਾਰਿਆਂ ਦਾ ਕਹਿਣਾ ਹੈ ਕਿ ਪ੍ਰਤਾਪ ਸਿੰਘ ਬਾਜਵਾ ਵਿਕਾਸ ਵਿਚ ਦਿਲਚਸਪੀ ਨਹੀਂ ਰੱਖਦੇ ਅਤੇ ਸਿਰਫ਼ ਮੁੱਖ ਮੰਤਰੀ ਦੀ ਲਗਾਤਾਰ ਨਿੰਦਿਆ ਕਰ ਕੇ ਆਪਣੇ ਹਿੱਤਾਂ ਦੀ ਪੂਰਤੀ ਲਈ ਸਿਆਸੀ ਮੁੱਦਾ ਬਣਾ ਰਹੇ ਸਨ।

ਓਧਰ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਵਿਚ ਬਿਜਲੀ ਮਹਿੰਗੀ ਹੋਣ ਦੇ ਸਵਾਲ ਉੱਤੇ ਕੈਪਟਨ ਅਮਰਿੰਦਰ ਸਿੰਘ ਅਤੇ ਰਾਜ ਸਰਕਾਰ ਦੀ ਇਕ ਵਾਰ ਫਿਰ ਸਖ਼ਤ ਨਿੰਦਾ ਕੀਤੀ ਹੈ। ਉਹ ਇਸ ਤੋਂ ਪਹਿਲਾਂ ਰੇਤ ਮਾਫ਼ੀਆ, ਡਰੱਗ ਮਾਫ਼ੀਆ, ਟਰਾਂਸਪੋਰਟ ਮਾਫ਼ੀਆ ਸਮੇਤ ਕਈ ਮੁੱਦਿਆਂ ਉੱਤੇ ਪੰਜਾਬ ਸਰਕਾਰ ਉੱਤੇ ਤਿੱਖੇ ਹਮਲੇ ਕਰ ਚੁੱਕੇ ਹਨ। ਇਸ ਵੇਲੇ ਜਦੋਂ ਬਿਜਲੀ ਦੀਆਂ ਵਧੀਆਂ ਦਰਾਂ ਕਾਰਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਿੱਜੀ ਥਰਮਲ ਪਲਾਂਟ ਕੰਪਨੀਆਂ ਨਾਲ ਸਰਕਾਰ ਦੀ ਮਿਲੀਭੁਗਤ ਦੇ ਦੋਸ਼ ਲਾ ਰਹੇ ਅਤੇ ਸੀ ਬੀ ਆਈ ਜਾਂਚ ਦੀ ਮੰਗ ਕਰ ਰਹੇ ਹਨ ਤਾਂ ਬਾਜਵਾ ਨੇ ਵਿਧਾਨ ਸਭਾ ਸੈਸ਼ਨ ਵਿਚ ਇਸ ਬਾਰੇ ਵ੍ਹਾਈਟ ਪੇਪਰ ਪੇਸ਼ ਕਰਨ ਦੀ ਮੰਗ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਤਾਪ ਸਿੰਘ ਬਾਜਵਾ ਵਿਚਾਲੇ ਦੂਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ 2002 ਵਿੱਚ ਬਣੀ ਸਰਕਾਰ ਦੌਰਾਨ ਵਧਣੀ ਸ਼ੁਰੂ ਹੋਈ ਸੀ, ਜਦੋਂ ਬਾਜਵਾ ਪੰਜਾਬ ਦੇ ਮੰਤਰੀ ਸਨ ਤੇ ਉਨ੍ਹਾਂ ਦਾ ਨਾਂ ਗੁਜਰਾਤ ਵਿਚ ਇਕ ਔਰਤ ਨਾਲ ਸਬੰਧਾਂ ਦੇ ਕਾਰਨ ਉਛਲਿਆ ਸੀ। ਫਿਰ ਪ੍ਰਤਾਪ ਸਿੰਘ ਬਾਜਵਾ ਦੇ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੇ ਸਾਥੀਆਂ ਨੇ, ਜਿਨ੍ਹਾਂ ਵਿਚੋਂ ਕਈ ਇਸ ਵੇਲੇ ਪੰਜਾਬ ਦੇ ਮੰਤਰੀ ਹਨ, ਹਾਈ ਕਮਾਨ ਤੋਂ ਬਾਜਵਾ ਨੂੰ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਤੇ ਉਸ ਨੂੰ ਪ੍ਰਧਾਨ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਪਿਛਲੇ ਦਿਨੀਂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਕਾਂਗਰਸ ਵੱਲੋਂ ਚੋਣਾਂ ਦੌਰਾਨ ਚੋਣ ਦੇ ਵਕਤ ਕੀਤੇ ਵਾਅਦਿਆਂ ਉੱਤੇ ਅਮਲ ਨਾ ਹੋਣ ਕਾਰਨ ਕੈਪਟਨ ਸਰਕਾਰ ਦੀ ਨੁਕਤਾਚੀਨੀ ਕੀਤੀ ਸੀ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਆਸਟਰੇਲੀਆ ਦੇ ਜੰਗਲਾਂ ਦੀ ਅੱਗ ਬੁਝਾਉਣ ਲਈ 69 ਹੋਰ ਕੈਨੇਡੀਅਨ ਹੋਣਗੇ ਰਵਾਨਾ

ਓਟਵਾ, 14 ਜਨਵਰੀ (ਪੋਸਟ ਬਿਊਰੋ) : ਆਸਟਰੇਲੀਆ ਦੇ ਜੰਗਲਾਂ ਵਿੱਚ ਲੱਗੀ ਅੱਗ ਨੂੰ ਬੁਝਾਉਣ ਵਿੱਚ ਮਦਦ ਕਰਨ ਲਈ 69 ਕੈਨੇਡੀਅਨਾਂ ਦਾ ਇੱਕ ਹੋਰ ਗਰੁੱਪ ਆਸਟਰੇਲੀਆ ਰਵਾਨਾ ਹੋ ਰਿਹਾ ਹੈ।

ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਦੱਸਿਆ ਕਿ ਆਸਟਰੇਲੀਆ ਵੱਲੋਂ ਮਦਦ ਮੰਗੇ ਜਾਣ ਤੋਂ ਬਾਅਦ ਹੀ ਇਨ੍ਹਾਂ ਕੈਨੇਡੀਅਨਾਂ ਨੂੰ ਉੱਧਰ ਭੇਜਿਆ ਗਿਆ ਹੈ। ਇਸ ਸਮੇਂ ਵੀ ਆਸਟਰੇਲੀਆ ਭਰ ਦੇ ਜੰਗਲਾਂ ਵਿੱਚ 200 ਥਾਂਵਾਂ ਉੱਤੇ ਅੱਗ ਲੱਗੀ ਹੋਈ ਹੈ। ਸੱਭ ਤੋਂ ਵੱਧ ਨੁਕਸਾਨ ਨਿਊ ਸਾਊਥ ਵੇਲਜ਼ ਤੇ ਵਿਕਟੋਰੀਆ ਨੂੰ ਝੱਲਣਾ ਪੈ ਰਿਹਾ ਹੈ। ਇਨ੍ਹਾਂ ਦੋਵਾਂ ਇਲਾਕਿਆਂ ਵਿੱਚ ਹੀ ਬਹੁਤੀ ਆਬਾਦੀ ਰਹਿੰਦੀ ਹੈ।

ਦ ਕੈਨੇਡੀਅਨ ਇੰਟਰਜੈਂਸੀ ਫੌਰੈਸਟ ਫਾਇਰ ਸੈਂਟਰ ਦਾ ਕਹਿਣਾ ਹੈ ਕਿ 27 ਇੰਸੀਡੈਂਟ ਮੈਨੇਜਮੈਂਟ ਸਟਾਫ ਵੀਰਵਾਰ ਨੂੰ ਮੈਲਬੌਰਨ ਲਈ ਰਵਾਨਾ ਹੋਵੇਗਾ। ਉਨ੍ਹਾਂ ਤੋਂ ਬਾਅਦ ਦੋ ਹੋਰ ਇੰਸੀਡੈਂਟ ਮੈਨੇਜਰ ਤੇ 40 ਫਾਇਰਫਾਈਟਰਜ਼ ਵੀਕੈਂਡ ਉੱਤੇ ਆਸਟਰੇਲੀਆ ਜਾਣਗੇ। ਕੈਨੇਡੀਅਨਾਂ ਦੇ ਇਸ ਛੇਵੇਂ ਬੈਚ ਨੂੰ ਆਸਟਰੇਲੀਆ ਮਦਦ ਲਈ ਭੇਜਿਆ ਗਿਆ ਹੈ। ਹੁਣ ਉੱਥੇ ਮਦਦ ਕਰਨ ਲਈ ਗਏ ਕੈਨੇਡੀਅਨਾਂ ਦੀ ਗਿਣਤੀ 160 ਤੋਂ ਵੀ ਵੱਧ ਹੋ ਗਈ ਹੈ।

21 ਮਾਹਿਰਾਂ ਦਾ ਪਹਿਲਾ ਗਰੁਪ ਦਸੰਬਰ ਦੇ ਸ਼ੁਰੂ ਵਿੱਚ ਹੀ ਆਸਟਰੇਲੀਆ ਲਈ ਰਵਾਨਾ ਹੋ ਗਿਆ ਸੀ ਤੇ ਇਹ ਗਰੁੱਪ ਪਿਛਲੇ ਹਫਤੇ ਕੈਨੇਡਾ ਵਾਪਿਸ ਵੀ ਆ ਗਿਆ ਹੈ।



REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਬਰੈਂਪਟਨ ਵਿਚ ਮਿਲੀ ਲਾਸ਼, ਪੁਲਿਸ ਕਰ ਰਹੀ ਹੈ ਮਾਮਲੇ ਦੀ ਜਾਂਚ

ਟੋਰਾਂਟੋ, 14 ਜਨਵਰੀ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਸੋਮਵਾਰ ਸ਼ਾਮ ਨੂੰ ਬਰੈਂਪਟਨ ਵਿੱਚੋਂ ਇੱਕ ਲਾਸ਼ ਮਿਲਣ ਤੋਂ ਬਾਅਦ ਉਹ ਕਤਲ ਦੇ ਨਜ਼ਰੀਏ ਨਾਲ ਮਾਮਲੇ ਦੀ ਜਾਂਚ ਕਰ ਰਹੇ ਹਨ।

ਇਹ ਲਾਸ ਨੈਕਸਸ ਐਵਨਿਊ ਤੇ ਫੋਗਲ ਰੋਡ ਨੇੜੇ ਗ੍ਰੀਨ ਏਰੀਆ ਦੇ ਬਾਹਰਵਾਰ ਸ਼ਾਮੀਂ 5:50 ਮਿਲੀ ਤੇ ਪੁਲਿਸ ਨੂੰ ਉਸੇ ਸਮੇਂ ਇਸ ਸਬੰਧ ਵਿੱਚ ਸੂਚਿਤ ਕੀਤਾ ਗਿਆ। ਕੌਰੋਨਰ ਤੇ ਹੋਮੀਸਾਈਡ ਡਿਟੈਕਟਿਵਸ ਨੂੰ ਫੌਰਨ ਮੌਕੇ ਉੱਤੇ ਸੱਦਿਆ ਗਿਆ। ਸੋਮਵਾਰ ਦੇਰ ਰਾਤ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਹ ਮੌਤ ਸ਼ੱਕੀ ਸੀ ਤੇ ਇਸ ਨੂੰ ਕਤਲ ਵਜੋਂ ਹੀ ਵਿਚਾਰਿਆ ਜਾਵੇਗਾ।



ਇਸ ਮਾਮਲੇ ਵਿੱਚ ਬਹੁਤ ਘਟ ਵੇਰਵਾ ਹੀ ਹਾਸਲ ਹੋਇਆ ਹੈ। ਜਾਚਕਾਰ ਮਾਮਲੇ ਦੀ ਪੁਣਛਾਣ ਕਰਕੇ ਉਸ ਦੀ ਤਹਿ ਤਕ ਜਾਣਾ ਚਾਹੁੰਦੇ ਹਨ। ਪੁਲਿਸ ਨੇ ਆਖਿਆ ਕਿ ਹਾਸਲ ਦੀ ਘੜੀ ਲੋਕਾ ਨੂੰ ਇਸ ਮਾਮਲੇ ਕਾਰਨ ਕੋਈ ਖਤਰਾ ਨਹੀਂ ਹੈ। ਮ੍ਰਿਤਕ ਦੀ ਉਮਰ ਤੇ ਜੈਂਡਰ ਬਾਰੇ ਵੀ ਕੋਈ ਜਾਣਕਾਰੀ ਨਹੀਂ ਦਿਤੀ ਗਈ ਹੈ ਤੇ ਅਜੇ ਤਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਲਾਸ਼ ਜਿਥੋਂ ਮਿਲੀ ਹੈ ਉਥੇ ਕਦੋਂ ਤੋਂ ਪਈ ਹੈ।

ukttc UK TRUCK TRAINING CENTRE
PCC #179958
Registered as a Private Careers College
We help in Written Test & in Finding Jobs
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
NEW LOCATION !!! 225 Sheldon Dr Unit 18, Cambridge Call Jitpal Singh Deol 647-204-1936
Kuldip Singh Grewal
647.894.8590
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Gurjot Singh Grewal
437.224.8500

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA, LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਜੰਮੂ-ਕਸ਼ਮੀਰ ਸਰਕਾਰ ਦਾ ਬਿਆਨ: ਪੁਲਿਸ ਨੇ ਡੀ ਐੱਸ ਪੀ ਦਵਿੰਦਰ ਸਿੰਘ ਨੂੰ ਫੜਿਆ ਹੈ, ਲੁਕਾਇਆ ਨਹੀਂ

## * ਕਾਂਗਰਸ ਨੇ ਡੀ ਐੱਸ ਪੀ ਦੀ ਪੁਲਵਾਮਾ ਹਮਲੇ ਮੌਕੇ ਦੀ ਭੂਮਿਕਾ ਪੁੱਛੀ

ਜੰਮੂ, 14 ਜਨਵਰੀ, (ਪੋਸਟ ਬਿਊਰੋ)- ਪਿਛਲੇ ਦਿਨੀਂ ਦੋ ਅੱਤਵਾਦੀਆਂ ਨਾਲ ਫੜੇ ਗਏ ਡੀ ਐੱਸ ਪੀ ਦਵਿੰਦਰ ਸਿੰਘ ਨੂੰ ਅੱਜ ਮੰਗਲਵਾਰ ਨੂੰ ਜੰਮੂ-ਕਸ਼ਮੀਰ ਦੇ ਲੈਫਟੀਨੈਂਟ ਗਵਰਨਰ ਦੇ ਸਲਾਹਕਾਰ ਅਤੇ ਜੰਮੂ-ਕਸ਼ਮੀਰ ਦੀ ਪੁਲਿਸ ਦੇ ਸਾਬਕਾ ਡਾਇਰੈਕਟਰ ਜਨਰਲ ਫਾਰੂਕ ਖ਼ਾਨ ਨੇ 'ਬਲੈਕ ਸ਼ੀਪ' ਕਿਹਾ ਹੈ।

ਫਾਰੂਕ ਖਾਨ ਨੇ ਕਿਹਾ ਕਿ ਦਵਿੰਦਰ ਸਿੰਘ ਨੂੰ ਫੜਨ ਦਾ ਸਿਹਰਾ ਜੰਮੂ-ਕਸ਼ਮੀਰ ਪੁਲਿਸ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਰਾਜ ਦੀ ਪੁਲਿਸ ਦਾ ਰਾਸ਼ਟਰੀ ਏਕਤਾ, ਅਖੰਡਤਾ ਅਤੇ ਸ਼ਾਂਤੀ ਵਿਵਸਥਾ ਕਾਇਮ ਲਈ ਕੁਰਬਾਨੀਆਂ ਦਾ ਮਾਣ-ਮੱਤਾ ਇਤਿਹਾਸ ਹੈ ਤੇ ਦਵਿੰਦਰ ਸਿੰਘ ਵਰਗੀ ਕਾਲੀ ਭੇਡ ਨਾਲ ਪੁਲਿਸ ਦੇ ਮਨੋਬਲ ਜਾਂ ਵਫਦਾਰੀ ਵਿੱਚ ਕਮੀ ਨਹੀਂ ਆਵੇਗੀ, ਪੁਲਿਸ ਅੱਤਵਾਦ ਨੂੰ ਖ਼ਤਮ ਕਰਨ ਦੀ ਮੁਹਿੰਮ ਜਾਰੀ ਰੱਖੇਗੀ। ਜੰਮੂ ਕਸ਼ਮੀਰ ਵਿੱਚ ਅੱਤਵਾਦ ਵਿਰੁੱਧ ਲੜਨ ਵਾਲੇ ਇਸ ਰਾਜ ਦੀ ਪੁਲਿਸ ਦੇ ਸਕੁਆਡ, ਜਿਸ ਨੂੰ ਐੱਸ ਟੀ ਐੱਫ ਅਤੇ ਐੱਸ ਓ ਜੀ ਕਿਹਾ ਜਾਂਦਾ ਹੈ, ਦੀ ਨੀਂਹ ਫਾਰੂਕ ਖ਼ਾਨ ਨੇ ਹੀ ਰੱਖੀ ਸੀ। ਅੱਜ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਨੇ ਕਿਹਾ ਕਿ ਬਲੈਕ ਸ਼ੀਪ ਕਿਸੇ ਵੀ ਥਾਂ ਅਤੇ ਕਿਸੇ ਵੀ ਸੰਸਥਾ ਵਿੱਚ ਹੋ ਸਕਦੀ ਹੈ। ਜੰਮੂ-ਕਸ਼ਮੀਰ ਪੁਲਿਸ ਨੇ ਉਸ ਨੂੰ ਅੱਤਵਾਦੀਆਂ ਦੇ ਨਾਲ ਫੜਿਆ ਹੈ, ਲੁਕਾਇਆ ਨਹੀਂ। ਉਸ ਨਾਲ ਅੱਤਵਾਦੀਆਂ ਵਾਲਾ ਸਲੂਕ ਕੀਤਾ ਤੇ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਦੇਸ਼ ਦੀ ਏਕਤਾ ਤੇ ਸੁਰੱਖਿਆ ਨਾਲ ਜੁੜਿਆ ਕੇਸ ਹੈ, ਅਜਿਹੇ ਕੇਸਾਂ ਵਿੱਚ ਕੋਈ ਸਿਆਸਤ ਨਹੀਂ ਹੋਣੀ ਚਾਹੀਦੀ। ਦਵਿੰਦਰ ਸਿੰਘ ਨੇ ਜੋ ਕੀਤਾ ਹੈ, ਉਸ ਨਾਲ ਰਾਜ ਦੀ ਪੁਲਿਸ ਦੇ ਜਵਾਨਾਂ ਤੇ ਅਧਿਕਾਰੀਆਂ ਦਾ ਮਨੋਬਲ ਨਹੀਂ ਡਿੱਗੇਗਾ, ਪੁਲਿਸ ਦੇ ਅਕਸ ਨੂੰ ਦਾ ਨੁਕਸਾਨ ਨਹੀਂ ਹੈ।

ਦੂਸਰੇ ਪਾਸੇ ਸੀਨੀਅਰ ਕਾਂਗਰਸ ਆਗੂ ਅਤੇ ਪਾਰਟੀ ਦੇ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਨੇ 11 ਜਨਵਰੀ ਨੂੰ ਕਸ਼ਮੀਰ ਤੋਂ ਹਿਜ਼ਬੁਲ ਮੁਜਾਹਿਦੀਨ ਅੱਤਵਾਦੀਆਂ ਨਾਲ ਫੜੇ ਗਏ ਪੁਲਿਸ ਅਧਿਕਾਰੀ ਦਵਿੰਦਰ ਸਿੰਘ ਬਾਰੇ ਸਵਾਲ ਕੀਤਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਜਵਾਬ ਦੀ ਮੰਗ ਕੀਤੀ ਹੈ। ਰਣਦੀਪ ਸੁਰਜੇਵਾਲਾ ਨੇ ਟਵੀਟ ਕਰ ਕੇ ਸਵਾਲ ਕੀਤਾ ਕਿ ਕੌਣ ਹੈ ਦੇਵਿੰਦਰ ਸਿੰਘ? 2001 ਪਾਰਲੀਮੈਂਟ ਉੱਤੇ ਹਮਲੇ ਵੇਲੇ ਉਸ ਦੀ ਭੂਮਿਕਾ ਕੀ ਸੀ? ਪਿਛਲੇ ਸਾਲ ਪੁਲਵਾਮਾ ਵਿੱਚ ਹੋਏ ਹਮਲੇ ਵਿੱਚ ਉਸ ਦਾ ਕੀ ਰੋਲ ਸੀ, ਜਿਥੇ ਉਹ ਡੀ ਐੱਸ ਪੀ ਹੁੰਦਾ ਸੀ? ਇਸ ਵਾਰੀ ਉਹ



ਹਿਜ਼ਬੁਲ ਅੱਤਵਾਦੀਆਂ ਨੂੰ ਆਪਣੇ ਨਾਲ ਲਿਆ ਰਿਹਾ ਸੀ ਜਾਂ ਉਹ ਸਿਰਫ਼ ਮੋਹਰਾ ਹੈ, ਮਾਸਟਰ ਮਾਈਂਡ ਕਿਤੇ ਹੋਰ ਹੈ? ਸੁਰਜੇਵਾਲਾ ਨੇ ਪੁੱਛਿਆ ਕਿ ਜਦੋਂ ਪੁਲਵਾਮਾ ਹਮਲਾ ਹੋਇਆ, ਸਾਡੇ 42 ਫ਼ੌਜੀਆਂ ਦੀ ਜਾਨ ਗਈ, ਉਸ ਦੇ ਲਈ ਵਰਤਿਆ ਗਿਆ ਆਰ ਡੀ ਐਕਸ ਕਿਥੋਂ ਆਇਆ, ਏਨੀ ਸੁਰੱਖਿਆ ਦੇ ਹੁੰਦਿਆਂ ਕਿਸ ਤਰ੍ਹਾਂ ਹੋ ਗਿਆ ਇਹ ਸਭ, ਕਾਰ ਆਰਮੀ ਟੀਮ ਵਿੱਚ ਨਹੀਂ ਆ ਸਕਦੀ ਸੀ, ਉਹ ਕਿਥੋਂ ਆਈ ਸੀ?

# ਸੁਖਬੀਰ ਸਿੰਘ ਬਾਦਲ ਵੱਲੋਂ ਦੋਸ਼: ਅਕਾਲੀ ਦਲ ਦੀ ਪਿੱਠ ਵਿੱਚ ਅਖੌਤੀ ਟਕਸਾਲੀਆਂ ਨੇ ਛੁਰਾ ਮਾਰਿਐ

ਮੁਕਤਸਰ ਸਾਹਿਬ, 14 ਜਨਵਰੀ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਸੁਖਦੇਵ ਸਿੰਘ ਢੀਂਡਸਾ ਤੇ ਟਕਸਾਲੀ ਆਗੂਆਂ ਨੂੰ ਜਿੰਨਾ ਸਤਿਕਾਰ ਅਕਾਲੀ ਦਲ ਨੇ ਦਿੱਤਾ ਹੈ, ਹੋਰ ਕੋਈ ਨਹੀਂ ਦੇ ਸਕਦਾ। ਸੁਖਦੇਵ ਸਿੰਘ ਢੀਂਡਸਾ ਵਰਗਿਆਂ, ਜਿਹੜੇ ਐਨਾ ਮਾਣ-ਸਨਮਾਨ ਦੇ ਚੁੱਕੀ ਮਾਂ ਪਾਰਟੀ ਦੀ ਪਿੱਠ ਵਿੱਚ ਹੀ ਛੁਰਾ ਮਾਰ ਰਹੇ ਹਨ, ਨੂੰ ਕਦੇ ਵੀ ਟਕਸਾਲੀ ਨਹੀਂ ਕਿਹਾ ਜਾ ਸਕਦਾ।



ਇਨ੍ਹਾਂ ਸ਼ਬਦ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਵੱਲੋਂ ਮੇਲਾ ਮਾਘੀ ਮੌਕੇ ਮੁਕਤਸਰ ਸਾਹਿਬ ਵਿਖੇ ਸਿਆਸੀ ਕਾਨਫਰੰਸ ਵਿੱਚ ਬੋਲਦਿਆਂ ਕਹੇ। ਉਨ੍ਹਾਂ ਕਾਂਗਰਸ ਨੂੰ ਲਾਂਭੇ ਰੱਖ ਕੇ ਕਿਹਾ ਕਿ ਛੇ ਵਾਰ ਚੋਣ ਲੜਨ ਉੱਤੇ ਸੁਖਦੇਵ ਸਿੰਘ ਢੀਂਡਸਾ ਸਿਰਫ ਇੱਕ ਵਾਰ ਜਿੱਤਿਆ ਤੇ ਅਸੀਂ ਇਸ ਨੂੰ ਕਦੇ ਚੇਅਰਮੈਨੀ ਦਿੱਤੀ, ਕਦੇ ਰਾਜ ਸਭਾ ਦਾ ਮੈਂਬਰ ਬਣਾਇਆ ਸੀ। ਇਹੋ ਨਹੀਂ, ਢੀਂਡਸਾ ਦੇ ਪੁੱਤਰ ਤੇ ਜਵਾਈ ਨੂੰ ਵੱਡੇ ਅਹੁਦੇ ਦੇਂਦੇ ਰਹੇ ਸਾਂ। ਇਸੇ ਤਰ੍ਹਾਂ ਸੇਵਾ ਸਿੰਘ ਸੇਖਵਾਂ ਤੇ ਬਾਕੀ ਆਪੇ ਬਣੇ ਟਕਸਾਲੀਆਂ ਨੂੰ ਮਾਣ ਦਿੱਤਾ, ਪ੍ਰੰਤੂ ਇਨ੍ਹਾਂ ਨੇ ਪਾਰਟੀ ਦੀ ਪਿੱਠ ਵਿੱਚ ਛੁਰਾ ਮਾਰਿਆ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਟਕਸਾਲੀ ਉਹ ਹੈ, ਜਿਹੜਾ ਪਾਰਟੀ ਦਾ ਵਫ਼ਦਾਰ ਹੁੰਦਾ ਹੈ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੌਰਾਨ ਸਾਡੇ ਵਿਰੋਧੀ ਹਰ ਵਾਰ ਕਿਸਮਤ ਅਜਮਾਉਂਦੇ ਹਨ ਅਤੇ ਸੰਗਤ ਵੱਲੋਂ ਨਕਾਰੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸੀ ਹਕੂਮਤ ਦੌਰਾਨ ਸੂਬੇ ਅੰਦਰ ਜੰਗਲ ਰਾਜ ਦਾ ਬੋਲਬਾਲਾ ਹੈ ਅਤੇ ਮੰਤਰੀ ਅਤੇ ਵਿਧਾਇਕ ਸਿਆਸੀ ਵਿਰੋਧੀਆਂ ਤੇ ਆਮ ਲੋਕਾਂ ਨੂੰ ਡਰਾਉਣ ਲਈ ਗੈਂਗਸਟਰਾਂ ਦੀ ਵਰਤੋਂ ਕਰ ਰਹੇ ਹਨ, ਪਰ ਵਿਕਾਸ ਕਾਰਜ ਕੋਈ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਵੇਲੇ ਅਸੀਂ ਕਿਸੇ ਤਰ੍ਹਾਂ ਦਾ ਘਪਲਾ ਕੀਤਾ ਸੀ ਤਾਂ ਤਿੰਨ ਸਾਲ ਬੀਤਣ ਦੇ ਬਾਅਦ ਵੀ ਕਾਰਵਾਈ ਕਿਉਂ ਨਾ ਕੀਤੀ ਗਈ। ਛੋਟੇ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਭ ਤੋਂ ਵੱਡਾ ਗੱਪੀ ਹੈ।

# ਅਮਰੀਕਾ ਵਿੱਚ ਪਹਿਲੀ ਵਾਰ ਸਿੱਖਾਂ ਦੀ ਗਿਣਤੀ ਵੱਖਰੀ ਹੋਵੇਗੀ

## * ਕੈਲੀਫੋਰਨੀਆ ਦੇ ਗੁਰਦੁਆਰੇ ਉੱਤੇ ਨਸਲੀ ਚਿੰਨ੍ਹ ਪੇਂਟ ਕੀਤਾ ਗਿਆ

ਵਾਸ਼ਿੰਗਟਨ, 14 ਜਨਵਰੀ, (ਪੋਸਟ ਬਿਊਰੋ)- ਸਿੱਖਾਂ ਦੇ ਇਕ ਸੰਗਠਨ ਨੇ ਦੱਸਿਆ ਹੈ ਕਿ ਅਮਰੀਕਾ ਦੀ ਸਾਲ 2020 ਦੀ ਮਰਦਮ ਸ਼ੁਮਾਰੀ ਵਿੱਚ ਸਿੱਖਾਂ ਦੀ ਗਿਣਤੀ ਵੱਖਰੀ ਗਰੁੱਪ ਵਜੋਂ ਕੀਤੀ ਜਾਵੇਗੀ।

ਸੈਨ ਡਿਆਗੋ ਦੀ ਸਿੱਖ ਸੁਸਾਇਟੀ ਦੇ ਪ੍ਰਧਾਨ ਬਲਜੀਤ ਸਿੰਘ ਦੇ ਦੱਸਣ ਮੁਤਾਬਕ ਸਿੱਖ ਭਾਈਚਾਰੇ ਦੇ ਯਤਨਾਂ ਦਾ ਫਲ ਹੈ ਕਿ ਇਸ ਵਾਰ ਅਮਰੀਕਾ ਵਿੱਚ ਸਿਰਫ਼ ਸਿੱਖਾਂ ਲਈ ਨਹੀਂ, ਹੋਰ ਘੱਟ ਗਿਣਤੀ ਗਰੁੱਪਾਂ ਲਈ ਵੀ ਵੱਖ ਗਿਣਤੀ ਦਾ ਰਾਹ ਖੁੱਲ੍ਹ ਗਿਆ ਹੈ। ਇਸ ਨੂੰ ਇੱਕ ਅਹਿਮ ਫੈਸਲਾ ਕਰਾਰ ਦਿੰਦੇ ਹੋਏ ਉਨ੍ਹਾ ਕਿਹਾ ਕਿ ਇਹ ਪਹਿਲੀ ਵਾਰੀ ਹੋਵੇਗਾ ਕਿ ਅਮਰੀਕਾ ਦੀ ਮਰਦਮ ਸ਼ੁਮਾਰੀ ਵਿੱਚ ਘੱਟ ਗਿਣਤੀ ਗਰੁੱਪਾਂ ਦੀ ਵੱਖਰੀ ਗਿਣਤੀ ਹੋਵੇਗੀ ਤੇ ਉਸ ਨੂੰ ਵੱਖ ਕੋਡ ਮਿਲੇਗਾ। ਅਮਰੀਕੀ ਮਰਦਮ ਸ਼ੁਮਾਰੀ ਵਿਭਾਗ ਦੇ ਅਫਸਰਾਂ ਨਾਲ ਯੂਨਾਈਟਿਡ ਸਿੱਖ ਦੇ ਪ੍ਰਤੀਨਿਧਾਂ ਦੀਆਂ ਕਈ ਬੈਠਕਾਂ ਹੋਣ ਨਾਲ ਇਹ ਮਸਲਾ ਹੱਲ ਹੋਇਆ ਹੈ। ਮਰਦਮ ਸ਼ੁਮਾਰੀ ਦੇ ਡਿਪਟੀ ਡਾਇਰੈਕਟਰ ਰੋਨ ਜਰਮਿਨ ਨੇ ਕਿਹਾ ਕਿ ਇਹ ਸਾਫ ਹੈ ਕਿ ਅਮਰੀਕਾ ਵਿੱਚ ਸਿੱਖਾਂ ਦੀ ਸਹੀ ਗਿਣਤੀ ਲਈ ਵੱਖਰੇ ਕੋਡ ਦੀ ਲੋੜ ਹੋਵੇਗੀ।

ਇਸ ਦੌਰਾਨ ਕੈਲੀਫੋਰਨੀਆ ਦੇ ਓਰੰਗਵਿਲੇ ਵਿੱਚ ਗੁਰੂ ਮਾਨਿਓਂ ਗ੍ਰੰਥ ਗੁਰਦੁਆਰਾ ਸਾਹਿਬ ਉੱਤੇ ਸਵਾਸਤਿਕ ਦਾ ਚਿੰਨ੍ਹ ਕਿਸੇ ਸ਼ਰਾਰਤੀ ਨੇ ਪੇਂਟ ਕਰ ਦਿੱਤਾ ਹੈ। ਪੁਲਿਸ ਨੇ ਗ੍ਰੰਥੀ ਸਿੰਘ ਦਾ ਬਿਆਨ ਦਰਜ ਕੀਤਾ ਹੈ। ਸੋਮਵਾਰ ਸਵੇਰੇ ਲੋਕਾਂ ਨੇ ਦੇਖਿਆ ਕਿ ਗੁਰਦੁਆਰੇ ਦੀ ਕੰਧ ਉੱਤੇ 'ਵ੍ਹਾਈਟ ਪਾਵਰ' ਸ਼ਬਦ ਅਤੇ ਸਵਾਸਤਿਕ ਦਾ ਚਿੰਨ੍ਹ ਸਪ੍ਰੇਅ ਨਾਲ ਪੇਂਟ ਕੀਤਾ ਗਿਆ ਸੀ। ਭਾਰਤੀ ਮੂਲ ਦੇ ਪਾਰਲੀਮੈਂਟ ਮੈਂਬਰ ਡਾ. ਐਮੀ ਬੇਰਾ ਨੇ ਇਸ ਘਟਨਾ ਦੀ ਨਿੰਦਾ ਕੀਤੀ ਹੈ।

# ਪਾਕਿਸਤਾਨ ਵਿੱਚ ਰਿਕਾਰਡ ਤੋੜ ਬਰਫਬਾਰੀ, 80 ਲੋਕਾਂ ਦੀ ਮੌਤ





ਇਸਲਾਮਾਬਾਦ, 14 ਜਨਵਰੀ, (ਪੋਸਟ ਬਿਊਰੋ)- ਪਾਕਿਸਤਾਨ ਵਿਚ ਭਾਰੀ ਬਰਫਬਾਰੀ ਅਤੇ ਲਗਾਤਾਰ ਮੀਂਹ ਨੇ ਲੋਕਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਮੀਂਹ ਨਾਲ ਇੱਥੇ 80 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਅਧਿਕਾਰੀਆਂ ਨੂੰ ਕਈ ਹਾਈਵੇਅ ਸਾਫ ਕਰਨ ਅਤੇ ਖੋਲ੍ਹਣ ਵਿਚ ਮੁਸ਼ਕਲ ਪੇਸ਼ ਆ ਰਹੀ ਹੈ ਅਤੇ ਲੋਕਾਂ ਨੂੰ ਸੁਰੱਖਿਅਤ ਥਾਂਈਂ ਲਿਜਾਣ ਵਿਚ ਵੀ ਕਾਫੀ ਮੁਸ਼ਕਲ ਹੋਈ ਹੈ। ਇਸ ਬਰਫਬਾਰੀ ਨੇ ਬੀਤੇ ਕਈ ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ।

ਪਤਾ ਲੱਗਾ ਹੈ ਕਿ ਗਿਲਗਿਤ-ਬਾਲਟੀਸਤਾਨ ਵਿਚ ਭਾਰੀ ਬਰਫਬਾਰੀ ਨਾਲ ਪਿਛਲੇ 50 ਸਾਲ ਦਾ ਰਿਕਾਰਡ ਟੁੱਟ ਗਿਆ ਅਤੇ ਕਵੇਟਾ ਵਿਚ 20 ਸਾਲ ਦਾ ਰਿਕਾਰਡ ਟੁੱਟ ਗਿਆ ਹੈ। ਭਾਰੀ ਬਰਫਬਾਰੀ ਅਤੇ ਲਗਾਤਾਰ ਮੀਂਹ ਦੀ ਮਾਰ ਸਭ ਤੋਂ ਵੱਧ ਪਾਕਿਸਤਾਨ ਦੇ ਸਭ ਤੋਂ ਵੱਡੇ ਸੂਬੇ ਬਲੋਚਿਸਤਾਨ ਉੱਤੇ ਪਈ ਹੈ। ਏਥੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਵੱਖ-ਵੱਖ ਹਿੱਸਿਆਂ ਵਿਚ ਪਿਛਲੇ 24 ਘੰਟਿਆਂ ਵਿਚ 15 ਲੋਕ ਮਾਰੇ ਗਏ ਹਨ। ਉਨ੍ਹਾ ਨੇ ਇਸ ਦਾ ਮੁੱਖ ਕਾਰਨ ਭਾਰੀ ਬਰਫਬਾਰੀ ਨਾਲ ਛੱਤਾਂ ਦਾ ਡਿੱਗਣਾ ਦੱਸਿਆ ਹੈ। ਐਮਰਜੈਂਸੀ ਅਧਿਕਾਰੀਆਂ ਮੁਤਾਬਕ ਪੰਜਾਬ ਵਿਚ ਭਾਰੀ ਮੀਂਹ ਕਾਰਨ 11 ਲੋਕਾਂ ਦੀ ਮੌਤ ਹੋਈ ਅਤੇ ਪਾਕਿ ਕਬਜ਼ੇ ਵਾਲੇ ਕਸ਼ਮੀਰ ਵਿਚ 55 ਲੋਕ ਮਾਰੇ ਗਏ ਹਨ।

ਇਸ ਦੌਰਾਨ ਨੀਲਮ ਘਾਟੀ ਵਿਚ ਜ਼ਮੀਨ ਖਿਸਕਣ ਨਾਲ 19 ਲੋਕਾਂ ਦੀ ਮੌਤ ਹੋ ਗਈ ਅਤੇ 10 ਹੋਰ ਲਾਪਤਾ ਹਨ। ਐਮਰਜੈਂਸੀ ਰਿਲੀਫ ਟੀਮ ਦੇ ਮੁਤਾਬਕ 4 ਜ਼ਖਮੀਆਂ ਨੂੰ ਬਚਾਇਆ ਗਿਆ ਅਤੇ ਬਾਕੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਵੇਟਾ-ਚਮਨ ਹਾਈਵੇਅ ਨੂੰ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਹੈ, ਕਿਉਂਕਿ ਅਫਗਾਨਿਸਤਾਨ ਨਾਲ ਪਾਕਿਸਤਾਨ ਨੂੰ ਜੋੜਨ ਵਾਲੇ ਦੱਰੇ ਵਿਚ ਭਾਰੀ ਬਰਫਬਾਰੀ ਹੋਈ ਹੈ। ਬਲੋਚਿਸਤਾਨ ਦੇ ਮੁੱਖ ਮੰਤਰੀ ਕਮਾਲ ਖਾਨ ਨੇ ਕਿਹਾ ਕਿ ਰਾਜ ਸਰਕਾਰ ਸੜਕਾਂ ਖੋਲ੍ਹਣ ਅਤੇ ਮੀਂਹ ਤੇ ਬਰਫ ਪ੍ਰਭਾਵਿਤ ਖੇਤਰਾਂ ਵਿਚ ਲੋਕਾਂ ਨੂੰ ਹਰ ਸੰਭਵ ਮਦਦ ਦੀ ਵਿਵਸਥਾ ਯਕੀਨੀ ਕਰਨ ਲਈ ਪੂਰੀ ਤਰ੍ਹਾਂ ਸਰਗਰਮ ਹੈ।

# ਪੰਜਾਬ ਸਰਕਾਰ ਨਿੱਜੀ ਥਰਮਲ ਪਲਾਂਟਾਂ ਨਾਲ ਹੋਏ ਸਮਝੌਤਿਆਂ ਦਾ ਰੀਵਿਊ ਕਰੇਗੀ

ਚੰਡੀਗੜ੍ਹ, 14 ਜਨਵਰੀ (ਪੋਸਟ ਬਿਊਰੋ)- ਪਿਛਲੀ ਅਕਾਲੀ-ਭਾਜਪਾ ਸਰਕਾਰ ਸਮੇਂ ਪੰਜਾਬ 'ਚ ਨਿੱਜੀ ਥਰਮਲ ਪਲਾਂਟਾਂ ਨਾਲ ਹੋਏ ਸਮਝੌਤਿਆਂ ਬਾਰੇ ਚੱਲਦੇ ਵਿਵਾਦਾਂ ਕਾਰਨ ਕੈਪਟਨ ਸਰਕਾਰ ਨੇ ਇਨ੍ਹਾਂ ਸਮਝੌਤਿਆਂ ਦੀ ਮੁੜ ਵਿਚਾਰ ਕਰਨ ਦਾ ਫੈਸਲਾ ਕਰ ਲਿਆ ਹੈ। ਇਸ ਬਾਰੇ ਉਚ ਅਧਿਕਾਰੀਆਂ ਤੇ ਮਾਹਰਾਂ ਦੀ ਇੱਕ ਕਮੇਟੀ ਬਣਾਈ ਗਈ ਹੈ।

ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਕਮੇਟੀ ਪਿਛਲੀ ਸਰਕਾਰ ਵੇਲੇ ਨਿੱਜੀ ਥਰਮਲ ਪਲਾਂਟਾਂ ਨਾਲ ਹੋਏ ਸਾਰੇ ਸਮਝੌਤਿਆਂ ਦੀ ਡੂੰਘਾਈ ਨਾਲ ਜਾਂਚ ਕਰੇਗੀ ਤਾਂ ਜੋ ਪੰਜਾਬ ਸਿਰ ਚੜ੍ਹ ਰਹੇ ਹਜ਼ਾਰਾਂ ਕਰੋੜ ਰੁਪਏ ਦੇ ਵਾਧੂ ਬੋਝ ਤੋਂ ਨਿਕਲਣ ਦਾ ਰਾਹ ਕੱਢਿਆ ਜਾ ਸਕੇ ਅਤੇ ਭਵਿੱਖ ਦੀ ਨੀਤੀ ਤੈਅ ਹੋਵੇ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿੱਚ ਇਨ੍ਹਾਂ ਸਮਝੌਤਿਆਂ ਕਾਰਨ ਪੰਜਾਬ ਨੂੰ ਦੋ ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਝੱਲਣਾ ਪਿਆ ਹੈ ਤੇ ਇਸੇ ਕਾਰਨ ਬਿਜਲੀ ਦੇ ਰੇਟਾਂ 'ਚ ਵਾਧਾ ਕਰਨਾ ਪੈ ਰਿਹਾ ਹੈ।

ਵਰਨਣ ਯੋਗ ਹੈ ਕਿ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਿਛਲੇ ਦਿਨੀਂ ਪ੍ਰੈੱਸ ਕਾਨਫਰੰਸ ਕਰ ਕੇ ਮੌਜੂਦਾ ਸਰਕਾਰ ਉੱਤੇ ਬਿਜਲੀ ਸਮਝੌਤਿਆਂ ਰਾਹੀਂ ਘਪਲੇਬਾਜ਼ੀ ਕਰਨ ਦੇ ਦੋਸ਼ ਲਾਏ ਸਨ। ਇਨ੍ਹਾਂ ਦੋਸ਼ਾਂ ਨੂੰ ਆਧਾਰਹੀਣ ਦੱਸਦਿਆਂ ਮਨਪ੍ਰੀਤ ਸਿੰਘ ਬਾਦਲ ਕਿਹਾ ਕਿ ਸਾਰੇ ਸਮਝੌਤੇ ਪਿਛਲੀ ਸਰਕਾਰ ਦੇ ਸਮੇਂ ਹੋਏ ਅਤੇ ਸ਼ਰਤਾਂ ਤੇ ਨਿਯਮ ਵੀ ਅਕਾਲੀ-ਭਾਜਪਾ ਸਰਕਾਰ ਨੇ ਤੈਅ ਕੀਤੇ ਅਤੇ ਬਿਨਾਂ ਸੋਚੇ ਸਮਝੇ ਅੱਖਾਂ ਮੀਟ ਕੇ ਸਮਝੌਤਿਆਂ 'ਤੇ ਦਸਖਤ ਕੀਤੇ ਗਏ, ਜਿਸ ਦਾ ਖਮਿਆਜ਼ਾ ਅੱਜ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਉੱਤੇ ਇਨ੍ਹਾਂ ਸਮਝੌਤਿਆਂ ਬਾਰੇ ਦੋਸ਼ ਲਾਉਣੇ ਵੀ ਰਾਜਨੀਤੀ ਤੋਂ ਪ੍ਰੇਰਿਤ ਹਨ ਅਤੇ ਪੰਜਾਬ ਸਰਕਾਰ ਦੀ ਉਚ ਪੱਧਰੀ ਕਮੇਟੀ ਦੀ ਜਾਂਚ ਵਿੱਚ ਸਾਰੀ ਸੱਚਾਈ ਤੱਥਾਂ ਸਮੇਤ ਸਾਹਮਣੇ ਆ ਜਾਵੇਗੀ।









# ਐੱਨ.ਡੀ.ਐੱਮ.ਏ ਵੱਲੋਂ ਮੋਗਾ ਦੇ 200 ਵਲੰਟੀਅਰਾਂ ਨੂੰ ਹੜ੍ਹਾਂ ਵਰਗੀ ਸਥਿਤੀ ਨਾਲ ਨਿਪਟਣ ਲਈ ਦਿੱਤੀ ਜਾਵੇਗੀ ਸਿਖਲਾਈ



ਮੋਗਾ, 14 ਜਨਵਰੀ (ਗਿਆਨ ਸਿੰਘ): ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ ਵੱਲੋ 30 ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦੇ ਵਲੰਟੀਅਰਾਂ ਨੂੰ ਭਾਰਤ ਸਰਕਾਰ ਦੇ ਆਪਦਾ ਮਿਤਰਾ ਪ੍ਰੋਜੈਕਟ ਤਹਿਤ ਹੜ੍ਹਾਂ ਵਰਗੀ ਸਥਿਤੀ ਨਾਲ ਨਿਪਟਣ ਲਈ ਟ੍ਰੇਨਿੰਗ ਦੇ ਰਿਹਾ ਹੈ, ਜਿਸ ਵਿੱਚੋ ਪੰਜਾਬ ਰਾਜ ਵਿੱਚੋ ਜ਼ਿਲ੍ਹਾ ਮੋਗੇ ਨੂੰ ਚੁਣਿਆ ਗਿਆ ਹੈ। ਜਿਸ ਤਹਿਤ ਐਨਡੀਐਮਏ ਦੀ ਇਕ ਟੀਮ ਨੇ ਅੱਜ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਆਪਦਾ ਮਿੱਤਰਾ ਤਹਿਤ ਸਿਖਲਾਈ ਸ਼ੁਰੂ ਕਰਨ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਜਾਣਕਾਰੀ ਅਨੁਸਾਰ ਆਪਦਾ ਮਿਤਰਾ ਇੱਕ ਇੱਕ ਕੇਂਦਰੀ ਸਕੀਮ ਹੈ ਜਿਸ ਤਹਿਤ ਪਿਛਲੇ ਹੜ੍ਹਾਂ ਦੇ ਅਧਾਰ ਤੇ ਦੇਸ਼ ਭਰ ਵਿੱਚ 30 ਸਭ ਤੋਂ ਵੱਧ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ 200 ਕਮਿਊਨਿਟੀ ਵਾਲੰਟੀਅਰਾਂ ਨੂੰ ਹੜ੍ਹਾਂ ਵਰਗੀ ਸਥਿਤੀ ਨਾਲ ਨਜਿੱਠਣ ਲਈ ਸਿਖਲਾਈ ਦਿੱਤੀ ਜਾਣੀ ਹੈ।

ਐਨਡੀਐਮਏ ਟੀਮ ਦੇ ਸੰਯੁਕਤ ਸਲਾਹਕਾਰ ਨਵਲ ਪ੍ਰਕਾਸ਼ ਅਤੇ ਪ੍ਰਾਜੈਕਟ ਐਸੋਸੀਏਟ ਆਪਦਾ ਮਿੱਤਰਾ ਬ੍ਰਜੇਸ਼ ਜੈਸਵਾਲ ਦੀ ਟੀਮ ਨੇ ਡਿਪਟੀ ਕਮਿਸ਼ਨਰ ਸੰਦੀਪ ਹੰਸ ਨਾਲ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਉਪ ਮੰਡਲ ਮੈਜਿਸਟਰੇਟ (ਐਸ.ਡੀ.ਐਮ. ਮੋਗਾ) ਸਤਵੰਤ ਸਿੰਘ ਅਤੇ ਐਸ.ਡੀ.ਐਮ ਧਰਮਕੋਟ ਡਾ: ਨਰਿੰਦਰ ਸਿੰਘ ਧਾਲੀਵਾਲ ਵੀ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਨੇ ਟੀਮ ਨੂੰ ਦੱਸਿਆ ਕਿ ਐਸਡੀਐਮ ਧਰਮਕੋਟ ਨੂੰ ਸਿਖਲਾਈ ਦਾ ਇੰਚਾਰਜ ਬਣਾਇਆ ਗਿਆ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਲੰਟੀਅਰਾਂ ਦੀ ਪਛਾਣ ਕਰ ਲਈ ਗਈ ਹੈ। ਉਨ੍ਹਾਂ ਟੀਮ ਨੂੰ ਭਰੋਸਾ ਦਿਵਾਇਆ ਕਿ ਵਲੰਟੀਅਰਾਂ ਦੀ ਸਿਖਲਾਈ ਜਲਦ ਹੀ ਸ਼ੁਰੂ ਕੀਤੀ ਜਾਵੇਗੀ।

ਸੰਯੁਕਤ ਸਲਾਹਕ-ਾਰ ਐਨਡੀਐਮਏ ਨਵਲ ਪ੍ਰਕਾਸ਼ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਯੋਜਨਾ ਦਾ ਮੁੱਖ ਮਕਸਦਨ ਕਮਿਊਨਿਟੀ ਵਾਲੰਟੀਅਰਾਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਨੂੰ ਸਿਖਲਾਈ ਦੇਣਾ ਹੈ ਤਾਂ: ਜੋ ਉਹ ਕਿਸੇ ਵੀ ਸੰਕਟ ਦੀ ਸਥਿਤੀ ਵਿੱਚ ਜਲਦ ਤੋਂ ਜਲਦ ਪਹੁੰਚ ਕੇ ਲੋਕਾਂ ਅਤੇ ਜਿਲ੍ਹਾ ਪ੍ਰਸ਼ਾਸਨ ਦੀ ਮੱਦਦ ਕਰ ਸਕਣ।

ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਸਵੈਇੱਛਕ ਅਧਾਰ ਤੇ ਸਿਖਲਾਈ ਲੈਣ ਲਈ ਤਿਆਰ 200 ਵਲੰਟੀਅਰਾਂ ਨੂੰ ਮੋਗਾ ਜ਼ਿਲ੍ਹੇ ਵਿੱਚ ਸਿਖਲਾਈ ਦਿੱਤੀ ਜਾਣੀ ਹੈ। ਉਨ੍ਹਾਂ ਕਿਹਾ ਕਿ ਵਲੰਟੀਅਰਾਂ ਨੂੰ ਸੰਕਟਕਲੀਨ ਸਥਿਤੀ ਨਾਲ ਨਜਿੱਠਣ ਲਈ 25-25 ਵਲੰਟੀਅਰਾਂ ਦੇ ਬੈਚਾਂ ਨੂੰ 2 ਹਫ਼ਤਿਆਂ ਦੀ ਸਖਤ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਵਲੰਟੀਅਰ ਬਿਪਤਾ ਨੂੰ ਪ੍ਰਭਾਵਸ਼ਾਲੀ ਪ੍ਰਤਿਕ੍ਰਿਆ ਦੇ ਪ੍ਰਭਾਵ ਵਿਚ ਸਹਾਇਤਾ ਕਰਨਗੇ ਅਤੇ ਪ੍ਰਭਾਵਤ ਲੋਕਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨ ਵਿਚ ਜ਼ਿਲਾ ਪ੍ਰਸ਼ਾਸਨ ਦੀ ਸਹਾਇਤਾ ਕਰਨਗੇ।

ਉਨ੍ਹਾਂ ਕਿਹਾ ਕਿ ਇਸ ਟ੍ਰੇਨਿੰਗ ਨੂੰ ਸ਼ੁਰੂ ਕਰਨ ਲਈ 22.70 ਲੱਖ ਰੁਪਏ ਦੀ ਗਰਾਂਟ ਡਿਪਟੀ ਕਮਿਸ਼ਨਰ ਮੋਗਾ ਵੱਲੋ ਪਹਿਲੀ ਕਿਸ਼ਤ ਵਜੋ ਜਾਰੀ ਕਰ ਦਿੱਤੀ ਗਈ ਹੈ ਜਦੋ ਕਿ ਸਿਖਲਾਈ ਪ੍ਰਕਿਰਿਆ ਸ਼ੁਰੂ ਹੋਣ ਤੋਂ ਬਾਅਦ ਦੂਸਰੀ ਕਿਸ਼ਤ ਵੀ ਜਾਰੀ ਕਰ ਦਿੱਤੀ ਜਾਵੇਗੀ।

# ਕੈਨੇਡਾ 'ਚ ਨਿਕਲੀ ਸਭ ਤੋਂ ਵੱਡੀ ਲਾਟਰੀ

ਬਰੈਂਪਟਨ : ਕੈਨੇਡਾ ਦੇ ਇਤਿਹਾਸ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਲਾਟਰੀ ਇਕ ਅੰਗਰੇਜ਼ ਦੀ ਝੋਲੀ ਪਈ ਹੈ। 70 ਮਿਲੀਅਨ ਡਾਲਰ ਦੇ ਇਨਾਮ ਵਾਲੀ ਇਹ ਲਾਟਰੀ ਐਡਲਿਨ ਲੂਈਸ ਨਾਂ ਦੇ ਵਿਅਕਤੀ ਨੇ ਜਿੱਤੀ ਹੈ। ਬਰੈਂਪਟਨ ਦੇ 49 ਸਾਲਾ ਐਡਲਿਨ ਲੂਈਸ ਨੇ ਆਪਣਾ 70 ਮਿਲੀਅਨ ਡਾਲਰ ਦਾ ਇਨਾਮ ਹਾਸਲ ਕਰ ਲਿਆ ਹੈ ਜੋ ਉਸਨੇ ਓਂਟਾਰੀਓ ਲਾਟਰੀ ਐਂਡ ਗੇਮਿੰਗ ਕਾਰਪੋਰੇਸ਼ਨ ਰਾਹੀਂ ਜਿੱਤਿਆ ਹੈ। ਦੱਸਣਯੋਗ ਹੈ ਕਿ ਇਹ ਇਨਾਮ ਦਾ ਐਲਾਨ ਹੋਏ ਨੂੰ ਕਈ ਦਿਨ ਹੋ ਗਏ ਸਨ ਪਰ ਕਿਸੇ ਨੇ ਵੀ ਦਾਅਵਾ ਨਹੀਂ ਕੀਤਾ ਸੀ। ਇਹ ਵੀ ਚਰਚਾ ਸੀ ਕਿ ਇਹ ਇਨਾਮ ਕਿਸੇ ਪੰਜਾਬਣ ਦਾ ਨਿਕਲਿਆ ਹੈ।





ਪਨਸਪ ਦੇ ਨਵ-ਨਿਯੁਕਤ ਵਾਈਸ ਚੇਅਰਮੈਨ ਕ੍ਰਿਸ਼ਨ ਕੁਮਾਰ ਬੁੱਧੂ ਮੰਗਲਵਾਰ ਨੂੰ ਚੰਡੀਗੜ੍ਹ ਵਿਖੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਮੁੱਖ ਮੰਤਰੀ ਪੰਜਾਬ ਦੇ ਸਲਾਹਕਾਰ ਭਰਤ ਇੰਦਰ ਸਿੰਘ ਚਾਹਲ ਦੀ ਹਾਜ਼ਰੀ ਵਿੱਚ ਅਹੁਦਾ ਸੰਭਾਲਦੇ ਹੋਏ।

# ਦੇਸੀ ਪਿਸਤੌਲ ਨਾਲ ਭਾਜਪਾ ਨੇਤਾ ਨੇ ਫੇਸਬੁੱਕ 'ਤੇ ਫੋਟੋ ਪਾਈ ਤੇ ਫੜਿਆ ਗਿਆ

ਜਲੰਧਰ, 14 ਜਨਵਰੀ (ਪੋਸਟ ਬਿਊਰੋ)- ਕੇਂਦਰ ਵਿੱਚ ਭਾਜਪਾ ਸਰਕਾਰ ਕਾਨੂੰਨ ਵਿਵਸਥਾ ਬਚਾਉਣ ਵਿੱਚ ਲੱਗੀ ਹੋਈ ਹੈ ਪਰ ਹੇਠਾਂ ਉਸ ਦੇ ਆਪਣੇ ਵਰਕਰ ਖੁਲੇ ਆਮ ਕਾਨੂੰਨ ਦੀ ਧੱਜੀਆਂ ਉਡਾ ਰਹੇ ਹਨ। ਇਸ ਤਹਿਤ ਥਾਣਾ-5 ਦੀ ਪੁਲਸ ਨੇ ਦੇਸੀ ਕੱਟੇ ਨਾਲ ਭਾਜਪਾ ਨੇਤਾ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਦੋਸ਼ੀ 'ਤੇ ਕੇਸ ਦਰਜ ਕਰ ਲਿਆ ਹੈ।

ਸੂਤਰਾਂ ਮੁਤਾਬਕ ਫੜੇ ਗਏ ਭਾਜਪਾ ਨੇਤਾ ਦੀ ਪਛਾਣ ਚੰਦਨਬੀਰ ਸਿੰਘ ਪੁੱਤਰ ਕੁਲਬੀਰ ਸਿੰਘ ਵਾਸੀ ਬਸਤੀ ਨੌਂ ਦੇ ਰੂਪ ਵਿੱਚ ਹੋਈ ਹੈ। ਪਤਾ ਲੱਗਾ ਹੈ ਕਿ ਚੰਦਨਬੀਰ ਸਿੰਘ ਨੇ ਪਿੱਛੇ ਜਿਹੇ ਫੇਸਬੁੱਕ ਪ੍ਰੋਫਾਇਲ 'ਤੇ ਦੇਸੀ ਪਿਸਤੌਲ ਨਾਲ ਫੋਟੋ ਪੋਸਟ ਕੀਤੀ ਸੀ, ਜਿਸ ਬਾਰੇ ਪੁਲਸ ਨੇ ਦੋਸ਼ੀ 'ਤੇ ਨਜ਼ਰ ਰੱਖਣੀ ਸ਼ੁਰੂ ਕੀਤੀ ਸੀ। ਪੁਲਸ ਨੇ ਘਰ ਦਾ ਪਤਾ ਚਲਣ ਦੇ ਬਾਅਦ ਉਸ ਦੀ ਤਲਾਸ਼ ਵਿੱਚ ਛਾਪੇਮਾਰੀ ਸ਼ੁਰੂ ਕਰ ਦਿੱਤੀ, ਜਿਸ ਦੇ ਬਾਅਦ ਉਸ ਨੂੰ ਉਸ ਦੇ ਬਸਤੀ ਗੁਜਾਂ ਇਲਾਕੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਪੁਲਸ ਨੇ ਦੋਸ਼ੀ ਤੋਂ ਦੇਸੀ ਕੱਟਾ ਬਰਾਮਦ ਕਰਨਾ ਹੈ, ਜਿਸ ਬਾਰੇ ਪੁਲਸ ਉਸ ਨੂੰ ਕੋਰਟ ਵਿੱਚ ਉਸ ਨੂੰ ਪੇਸ਼ ਕਰ ਰਿਮਾਂਡ ਲੇਵੇਗੀ ਅਤੇ ਜਾਂਚ ਕਰੇਗੀ ਕਿ ਉਸ ਦੇ ਕੋਲ ਉਕਤ ਦੇਸੀ ਕੱਟਾ ਕਿਥੋਂ ਆਇਆ ਹੈ।

# ਪਰਾਲੀ ਦੇ ਮੁੱਦੇ ’ਤੇ ਤਿੰਨ ਦਿਨ ਲੱਗਣਗੇ ਡੀ.ਸੀ. ਦਫਤਰਾਂ ਅੱਗੇ ਦਿਨ-ਰਾਤ ਧਰਨੇ

ਚੰਡੀਗੜ੍ਹ, 14 ਜਨਵਰੀ (ਪੋਸਟ ਬਿਊਰੋ): ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਪਰਾਲੀ ਅਤੇ ਹੋਰ ਅਹਿਮ ਕਿਸਾਨੀ ਮੰਗਾਂ ਨੂੰ ਲੈ ਕੇ 20, 21 ਅਤੇ 22 ਜਨਵਰੀ ਨੂੰ ਸਾਰੇ ਪੰਜਾਬ ਵਿੱਚ ਡਿਪਟੀ ਕਮਿਸ਼ਨਰ ਦਫ਼ਤਰਾਂ ਦੇ ਮੂਹਰੇ ਦਿਨ-ਰਾਤ ਰੋਸ ਧਰਨੇ ਲਗਾਏ ਜਾ ਰਹੇ ਹਨ। ਇਹ ਫੈਸਲਾ ਅੱਜ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੀ ਹੋਈ ਸੂਬਾ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਵੱਲੋਂ ਕੀਤੀ ਗਈ ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਪੰਜਾਬ ਵਿੱਚ ਪਰਾਲੀ ਸਾੜਨ ਵਾਲੇ ਕਿਸਾਨਾਂ ਤੇ ਪਾਏ ਗਏ ਨਜਾਇਜ਼ ਝੂਠੇ ਕੇਸ, ਭਾਰੀ ਜੁਰਮਾਨੇ ਅਤੇ ਜਮਾਬੰਦੀ 'ਚ ਕੀਤੀਆਂ ਲਾਲ ਐਂਟਰੀਆਂ ਨੂੰ ਰੱਦ ਕਰਵਾਉਣ, ਜ਼ਬਤ ਕੀਤੀਆਂ ਕੰਬਾਇੰਨਾਂ ਆਦਿ ਬਿਨਾਂ ਸ਼ਰਤ ਛਡਵਾਉਣ, ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਐਲਾਨ ਕੀਤੇ 2500 ਰੁਪਏ ਪ੍ਰਤੀ ਏਕੜ ਤੁਰੰਤ ਦਵਾਉਣ ਅਤੇ ਪਰਾਲੀ ਦੀ ਸੁੰਡੀ ਕਾਰਨ ਉਹਨਾਂ ਦੀ ਬਰਬਾਦ ਹੋਈ ਕਣਕ ਦੀ ਫਸਲ ਦੀ ਪੂਰੀ ਭਰਪਾਈ ਕਰਨ ਅਤੇ ਪੰਜਾਬ ਸਰਕਾਰ ਵੱਲੋਂ ਐਲਾਨੀ ਗਈ ਦੋ ਲੱਖ ਰੁਪਏ ਦੀ ਕਰਜ਼ਾ ਮੁਆਫੀ 5 ਏਕੜ ਤੱਕ ਮਾਲਕੀ ਵਾਲੇ ਸਾਰੇ ਕਿਸਾਨਾਂ ਨੂੰ ਬਿਨਾ ਸ਼ਰਤ ਦੇਣ ਦੀਆਂ ਮੰਗਾਂ ਧਰਨਿਆਂ ਦੀਆਂ ਮੁੱਖ ਮੰਗਾਂ ਹੋਣਗੀਆਂ। ਇਸਤੋਂ ਇਲਾਵਾ ਕਰਜ਼ਾ ਮੋੜਨ ਤੋਂ ਅਸਮਰੱਥ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹਰ ਕਿਸਮ ਦੇ ਕਰਜ਼ਿਆਂ ਤੇ ਲਕੀਰ ਮਾਰਨ, ਬਿਜਲੀ ਦਰਾਂ 'ਚ ਕੀਤਾ ਭਾਰੀ ਵਾਧਾ ਰੱਦ ਕਰਨ, ਖੇਤੀ ਲਈ ਬਿਜਲੀ ਦਿਨੇ ਦੇਣ, ਸਾਰੇ ਅਵਾਰਾ ਪਸ਼ੂ ਸਾਂਭਣ ਦਾ ਪੱਕਾ ਪ੍ਰਬੰਧ ਕਰਨ ਅਤੇ ਕੌਮੀ ਨਾਗਰਿਕਤਾ ਰਜਿਸ਼ਟਰਾਂ ਸਮੇਤ ਨਾਗਰਿਕਤਾ ਸੋਧ ਕਾਨੂੰਨ ਵਾਪਸ ਲੈਣ ਵਰਗੇ ਭਖਦੇ ਮਸਲੇ ਵੀ ਜ਼ੋਰ ਨਾਲ ਉਠਾਏ ਜਾਣਗੇ। ਨਾਗਰਿਕਤਾ ਸੋਧ ਬਿੱਲ ਵਿਰੁੱਧ ਭਰਾਤਰੀ ਜਥੇਬੰਦੀਆਂ ਨਾਲ ਮੀਟਿੰਗ ਕਰਕੇ ਸੂਬਾ ਪੱਧਰੀ ਪ੍ਰੋਗਰਾਮ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿਚ ਪਾਸ ਕੀਤੇ ਇਕ ਮਤੇ ਰਾਹੀਂ ਭਾਜਪਾ ਦੇ ਨਕਾਬਪੋਸ਼ ਗੁੰਡਿਆਂ ਵੱਲੋਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਪ੍ਰਧਾਨ ਆਇਸ਼ਾ ਘੋਸ਼ ਤੇ ਹੋਰ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਉੱਤੇ ਪੁਲਸ ਦੀ ਮਜੁਦਗੀ ਵਿੱਚ ਘੰਟਿਆਂ ਬੱਧੀ ਕੀਤੇ ਗਏ ਗੁੰਡਾ ਹਮਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ। ਆਇਸ਼ਾ ਘੋਸ਼ ਤੇ ਹੋਰ ਵਿਦਿਆਰਥੀਆਂ ਉੱਤੇ ਝੂਠੇ ਮੁਕੱਦਮੇ ਦਰਜ ਕਰਕੇ ਉਲਟਾ ਉਹਨਾਂ ਨੂੰ ਹੀ ਦੋਸ਼ੀ ਟਿੱਕਣ ਵਾਲੀ ਜਾਂਚ ਪੜਤਾਲ ਦੀ ਵੀ ਨਿਖੇਧੀ ਕੀਤੀ ਗਈ। ਮੀਟਿੰਗ ਵੱਲੋਂ ਪੰਜਾਬ ਭਰ ਦੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ 20, 21 ਅਤੇ 22 ਜਨਵਰੀ ਦੇ ਧਰਨਿਆਂ ਵਿੱਚ ਕਾਫ਼ਲੇ ਬੰਨ ਕੇ ਪੁੱਜਣ ਦੀ ਅਪੀਲ ਕੀਤੀ ਗਈ। ਇਸ ਮੀਟਿੰਗ ਵਿੱਚ ਝੰਡਾ ਸਿੰਘ ਜੇਠੂਕੇ, ਹਰਦੀਪ ਸਿੰਘ ਟੱਲੇਵਾਲ, ਹਰਵਿੰਦਰ ਕੌਰ ਬਿੰਦੂ, ਜਨਕ ਭੁਚਾਲ ਅਤੇ ਸਾਰੇ ਜ਼ਿਲਾ ਦੇ ਪ੍ਰਧਾਨ ਅਤੇ ਜਰਨਲ ਸਕੱਤਰ ਹਾਜ਼ਰ ਹੋਏ।



# ਪਿੰਡ ਕਪੂਰੇ ਦਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਣਿਆ ਹੋਰਨਾਂ ਸਕੂਲਾਂ ਲਈ ਮਿਸਾਲ

ਮੋਗਾ, 14 ਜਨਵਰੀ (ਗਿਆਨ ਸਿੰਘ): ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਵਧੀਆ ਪੜ੍ਹਾਈ ਦੇ ਪ੍ਰਬੰਧ ਬਣਾਉਣ ਅਤੇ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨ ਲਈ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲਾਂ ਵਿੱਚ ਤਬਦੀਲ ਕਰਨ ਦੀ ਮੁਹਿੰਮ ਵਿੱਢੀ ਗਈ ਹੈ, ਇਸੇ ਲੜੀ ਤਹਿਤ ਪਿੰਡ ਕਪੂਰੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਸਾਰੇ ਕਲਾਸ ਰੂਮਜ ਨੂੰ ਸਮਾਰਟ ਕਲਾਸ ਰੂਮਜ ਵਿੱਚ ਤਬਦੀਲ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ) ਜਸਪਾਲ ਸਿੰਘ ਔਲਖ ਨੇ ਦੱਸਿਆ ਕਿ ਇਸ ਸਕੂਲ ਨੂੰ ਸਮਾਰਟ ਸਕੂਲ ਬਣਾਉਣ ਲਈ ਸਕੂਲ ਦੇ ਅਧਿਆਪਕਾਂ ਨੇ ਅਮਰ ਵੈੱਲਫੇਅਰ ਕਲੱਬ ਨਾਲ ਰਾਬਤਾ ਕਾਇਮ ਕੀਤਾ ਜਿਸਦੇ ਸਦਕਾ ਹੀ ਅੱਜ ਇਸਨੂੰ ਸਮਾਰਟ ਸਕੂਲ ਵਿੱਚ ਤਬਦੀਲ ਕਰਨ ਦਾ ਕੰਮ ਪੂਰਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਮੋਗਾ ਜ਼ਿਲ੍ਹੇ ਦਾ ਪਹਿਲਾ ਸਮਾਰਟ ਸਕੂਲ ਹੈ ਜਿਸ ਵਿੱਚ ਸਾਰੇ ਕਲਾਸ ਰੂਮਜ ਵਿੱਚ ਐਲ.ਈ.ਡੀ.ਜ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸੀਨੀਅਰ ਸੈਕੰਡਰੀ ਸਕੂਲ ਕਪੂਰੇ ਵਿੱਚ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ। ਸਮਾਰਟ ਸਕੂਲ ਦੇ ਉਦਘਾਟਨੀ ਸਮਾਗਮ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਜਸਪਾਲ ਸਿੰਘ ਔਲਖ, ਸਕੂਲ ਪ੍ਰਿੰਸੀਪਲ ਬਲਵਿੰਦਰ ਸਿੰਘ ਸੈਣੀ, ਅਮਰ ਵੈੱਲਫੇਅਰ ਕਲੱਬ ਦੇ ਸੇਵਾਦਾਰ ਸੋਹਣ ਸਿੰਘ, ਇਕਬਾਲ ਸਿੰਘ ਸ਼ਾਮਿਲ ਹੋਏ। ਇਸ ਮੌਕੇ ਪਿੰਡ ਦੇ ਭਰਵੇਂ ਇਕੱਠ ਨੂੰ ਸਬੋਧਨ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਜਸਪਾਲ ਸਿੰਘ ਔਲਖ ਨੇ ਕਿਹਾ ਕਿ ਮੈਂ ਸਮੁੱਚੇ ਨਗਰ ਵਾਸੀਆਂ ਅਤੇ ਪਿੰਡ ਦੇ ਐਨ ਆਰ ਆਈ ਵੀਰਾਂ ਦਾ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ ਜਿਨ੍ਹਾਂ ਨੇ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂੰ ਬਹੁਤ ਵਧੀਆ ਬਣਾ ਕੇ ਅੱਜ ਪੰਜਾਬ ਦੇ ਸਾਰੇ ਸਕੂਲਾਂ ਵਿੱਚੋਂ ਸਭ ਤੋਂ ਮੋਹਰੀ ਸਕੂਲ ਬਣਾ ਕੇ ਵਿਕਸਿਤ ਕੀਤਾ ਹੈ। ਇਸ ਮੌਕੇ ਤੇ ਸਬੋਧਨ ਕਰਦਿਆਂ ਅਮਰ ਵੈੱਲਫੇਅਰ ਕਲੱਬ ਦੇ ਮੁੱਖ ਸੇਵਾਦਾਰ ਸੋਹਣ ਸਿੰਘ ਨੇ ਕਿਹਾ ਕਿ ਅੱਜ ਸਕੂਲ ਦੇ ਸੱਤ ਕਮਰਿਆਂ ਵਿੱਚ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਸੱਤ ਐਲ.ਈ.ਡੀ. ਲਗਾ ਕੇ ਕਮਰਿਆਂ ਨੂੰ ਸਮਾਰਟ ਕਲਾਸ ਰੂਮਾਂ ਵਿੱਚ ਤਬਦੀਲ ਕੀਤਾ ਗਿਆ ਹੈ ਉਨ੍ਹਾਂ ਕਿਹਾ ਕਿ ਮੈਂ ਸਮੁੱਚੇ ਨਗਰ ਅਤੇ ਪਿੰਡ ਦੇ ਆਰ ਆਈ ਵੀਰਾਂ ਦਾ ਤਹਿ ਦਿਲੋ ਸ਼ੁਕਰ ਅਦਾ ਕਰਦਾ ਹਾਂ। ਉਨ੍ਹਾਂ ਸਕੂਲ ਦੇ ਸਮੁੱਚੇ ਸਟਾਫ਼ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਇਸ ਸਕੂਲ ਨੂੰ ਸਮਾਰਟ ਸਕੂਲ ਵਿੱਚ ਤਬਦੀਲ ਕੀਤਾ ਗਿਆ ਹੈ ਉਸੇ ਤਰ੍ਹਾਂ ਸਕੂਲ ਦਾ ਰਿਜ਼ਲਟ ਵੀ ਪਹਿਲੇ ਨੰਬਰ ਤੇ ਆਉਣਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਸਕੂਲ ਦੇ ਸਟਾਫ ਨੂੰ ਅਤੇ ਬੱਚਿਆਂ ਨੂੰ ਕਿਹਾ ਕਿ ਜੋ ਵਿਦਿਆਰਥੀ 80 ਤੋਂ ਉਪਰ ਨੰਬਰ ਲੈਣਗੇ ਉਨ੍ਹਾਂ ਨੂੰ ਐਨ.ਆਰ ਆਈ ਵੀਰਾਂ ਵੱਲੋਂ ਦਸ ਹਜ਼ਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਸਕੂਲ ਜਿੱਥੇ ਪੰਜਾਬ ਵਿੱਚੋਂ ਸਭ ਤੋਂ ਮੋਹਰੀ ਹੈ ਉੱਥੇ ਪੜ੍ਹਾਈ ਵਿੱਚ ਵੀ ਮੋਹਰੀ ਹੋਣਾ ਜ਼ਰੂਰੀ ਹੈ ਇਸ ਮੌਕੇ ਪੰਚਾਇਤ ਵੱਲੋਂ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਇੱਕ ਐਲ ਈ ਡੀ ਦੇਣ ਦਾ ਵੀ ਐਲਾਨ ਕੀਤਾ।








ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE



132”
88”
8 Seated Sofa

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ

ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

# ਸੰਪਾਦਕੀ

## ਡਾਕਟਰੀ ਸਹਾਇਤਾ ਨਾਲ ਮੌਤ ਬਾਰੇ ਮੁੜ ਖੜੇ ਹੋਏ ਸੁਆਲ

ਫੈਡਰਲ ਸਰਕਾਰ ਨੇ ਪਰਸੋਂ ਇੱਕ ਆਨਲਾਈਨ ਸਲਾਹਮਸ਼ਵਰਾ ਆਰੰਭ ਕੀਤਾ ਹੈ ਜਿਸਦਾ ਮਨੋਰਥ ਕੈਨੇਡੀਅਨ ਪਬਲਿਕ ਤੋਂ 'ਡਾਕਟਰੀ ਸਹਾਇਤਾ ਨਾਲ ਮੌਤ' ਰਾਏ ਜਾਨਣਾ ਹੈ ਤਾਂ ਜੋ ਸਰਕਾਰ 11 ਮਾਰਚ ਤੱਕ ਇਸ ਬਾਬਤ ਕਾਨੂੰਨ ਵਿੱਚ ਬਣਦੀ ਤਬਦੀਲੀ ਕਰ ਸਕੇ। ਤਬਦੀਲੀ ਕਰਨ ਦੀ ਲੋੜ ਇਸ ਲਈ ਪਈ ਹੈ ਕਿਉਂਕਿ ਸਤੰਬਰ 2018 ਵਿੱਚ ਕਿਉਬਿੱਕ ਸੁਪੀਰੀਅਰ ਕੋਰਟ ਨੇ ਫੈਸਲਾ ਦਿੱਤਾ ਸੀ ਕਿ ਫੈਡਰਲ ਸਰਕਾਰ ਦੇ ਇਸ ਮੁੱਦੇ ਉੱਤੇ ਬਣੇ ਕਾਨੂੰਨ ਦੀਆਂ ਧਾਰਾਵਾਂ ਬਹੁਤ ਹੀ ਸੀਮਤ (restrictive) ਹਨ। 2016 ਵਿੱਚ ਲਿਬਰਲ ਸਰਕਾਰ ਵੱਲੋਂ ਪਾਸ ਕੀਤੇ ਗਏ ਬਿੱਲ ਸੀ-14 ਮੁਤਾਬਕ ਕਿਸੇ ਵਿਅਕਤੀ ਨੂੰ ਡਾਕਟਰੀ ਸਹਾਇਤਾ ਨਾਲ ਮਰਨ ਦੀ ਇਜ਼ਾਜਤ ਤਾਂ ਹੀ ਦਿੱਤੀ ਜਾ ਸਕਦੀ ਹੈ ਜੇ ਉਸਦੀ ਮੌਤ ਹੋਣ ਦਾ ਸਹੀ ਅੰਦਾਜ਼ਾ ਲਾਇਆ ਜਾ ਸਕਦਾ ਹੋਵੇ ਭਾਵ ਮੌਤ reasonably foreseeable ਹੋਵੇ।

ਬੇਸ਼ੱਕ ਉਪਰੋਕਤ ਫੈਸਲਾ ਸਿਰਫ਼ ਕਿਉਬਿੱਕ ਉੱਤੇ ਲਾਗੂ ਹੁੰਦਾ ਹੈ ਪਰ ਇਸ ਫੈਸਲੇ ਨੂੰ ਕਿਉਬਿੱਕ ਜਾਂ ਫੈਡਰਲ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਨਹੀਂ ਸੀ ਦਿੱਤੀ ਜਿਸ ਕਾਰਣ ਕਾਨੂੰਨ ਵਿੱਚ ਤਬਦੀਲੀ ਕਰਨਾ ਲਾਜ਼ਮੀ ਹੋ ਗਿਆ ਹੈ। ਆਨਲਾਈਨ ਸਲਾਹਮਸ਼ਵਰੇ ਤੋਂ ਇਲਾਵਾ ਫੈਡਰਲ ਨਿਆਂ ਮੰਤਰੀ ਡੇਵਿਡ ਲਾਮੇਟੀ, ਸਿਹਤ ਮੰਤਰੀ ਪੈਟੀ ਹਾਦਜੂ ਅਤੇ ਅਪੰਗ ਵਿਅਕਤੀਆਂ ਦੇ ਮਸਲਿਆਂ ਬਾਰੇ ਮੰਤਰੀ ਕਾਰਲਾ ਕੁਆਲਟਰੋ ਵੱਲੋਂ ਪਬਲਿਕ ਮੀਟਿੰਗਾਂ ਅਤੇ ਰਾਉਂਡ-ਟੇਬਲ ਵੀ ਕੀਤੇ ਜਾ ਰਹੇ ਹਨ। ਅਦਾਲਤ ਦੇ ਹੁਕਮਾਂ ਦੀ ਪਾਲਣਾ ਵਾਸਤੇ ਸਰਕਾਰ ਨੇ 27 ਜਨਵਰੀ ਤੱਕ ਸਲਾਹ-ਮਸ਼ਵਰੇ ਦਾ ਕੰਮ ਪੂਰਾ ਕਰਕੇ 11 ਮਾਰਚ ਤੱਕ ਕਾਨੂੰਨ ਬਣਾਉਣਾ ਹੈ। ਬਿੱਲ ਸੀ-14 ਮੁਤਾਬਕ ਕਿਸੇ ਵਿਅਕਤੀ ਲਈ ਆਪਣੀ ਜੀਵਨ ਲੀਲਾ ਖਤਮ ਕਰਨ ਵਾਸਤੇ 18 ਸਾਲ ਤੋਂ ਵੱਧ ਉਮਰ, ਅਸਹਿਣਸ਼ੀਲ ਪੀੜਾ ਤੋਂ ਪੀੜਤ, ਲਾਇਲਾਜ ਬਿਮਾਰੀ ਅਤੇ ਮਾਨਸਿਕ ਰੂਪ ਵਿੱਚ ਮਰਨ ਦਾ ਫੈਸਲਾ ਕਰਨ ਦੇ ਸਮਰੱਥ ਹੋਣਾ ਲਾਜ਼ਮੀ ਹੋਣਾ ਹੈ।

ਪੁੱਛੇ ਜਾਣ ਵਾਲਿਆਂ ਵਿੱਚੋਂ ਇੱਕ ਸੁਆਲ ਇਹ ਹੈ ਕਿ ਅਜਿਹੇ ਕੀ ਕਦਮ ਚੁੱਕੇ ਜਾਣ ਕਿ ਮਰਨ ਵਾਲੇ ਵਿਅਕਤੀ ਦਾ ਸੋਸ਼ਣ ਰੋਕਿਆ ਜਾ ਸਕੇ ਖਾਸ ਕਰਕੇ ਜੇ ਅੱਗੇ ਤੋਂ reasonably foreseeable ਮੌਤ ਦੀ ਮੱਦ ਨੂੰ ਹਟਾ ਦਿੱਤਾ ਗਿਆ। ਕਿਤੇ ਲੋਕ ਆਪਣੇ ਰਿਸ਼ਤੇਦਾਰਾਂ ਮਿੱਤਰਾਂ ਦਾ ਆਪਣੇ ਨਿੱਜੀ ਸੁਆਰਥਾਂ ਲਈ ਜੱਗ ਜਹਾਨ ਤੋਂ ਕੂਚ ਕਰਨ ਦਾ ਰਾਹ ਤਾਂ ਨਹੀਂ ਫੜ ਲੈਣਗੇ ਜਾਂ ਡਾਕਟਰ ਕਿਸੇ ਸਵਾਰਥ ਵੱਸ ਗਲਤ ਫੈਸਲੇ ਤਾਂ ਨਹੀਂ ਕਰਨਗੇ? ਇਸਤੋਂ ਇਲਾਵਾ ਕਈ ਹੋਰ ਸੁਆਲ ਹਨ ਜਿਹਨਾਂ ਬਾਰੇ ਪਬਲਿਕ ਤੋਂ ਰਾਏ ਪੁੱਛੀ ਜਾ ਰਹੀ ਹੈ। ਮਿਸਾਲ ਵਜੋਂ ਕੀ 18 ਸਾਲ ਤੋਂ ਘੱਟ ਉਮਰ ਦੇ ਉਹਨਾਂ ਬੱਚਿਆਂ ਨੂੰ ਖੁਦ ਮਰਨ ਦੀ ਆਗਿਆ ਦੇਣੀ ਚਾਹੀਦੀ ਹੈ, ਵਿਸ਼ੇਸ਼ ਕਰਕੇ ਜਿਹੜੇ ਬੱਚੇ ਖੁਦ ਬਾਰੇ ਫੈਸਲਾ ਕਰ ਸਕਦੇ ਹਨ? ਕੀ ਡਾਕਟਰ ਅਤੇ ਮਰੀਜ਼ ਦੋਵਾਂ ਦਾ ਸਹਿਤਮ ਹੋਣਾ ਲਾਜ਼ਮੀ ਹੋਵੇ ਕਿ ਇਲਾਜ ਦੀਆਂ ਸਾਰੀਆਂ ਸੰਭਾਵਨਾਵਾਂ ਖਤਮ ਹੋ ਚੁੱਕੀਆਂ ਹਨ? ਇਵੇਂ ਹੀ ਸੁਆਲ ਹੈ ਕਿ ਅਲਜ਼ਾਈਮਰ ਦੇ ਮਰੀਜ਼ ਆਪਣੀ ਇੱਛਾ ਕਿਵੇਂ ਜਾਹਰ ਕਰਨ?

ਬਿੱਲ ਸੀ-14 ਤੋਂ ਬਾਅਦ ਪਿਛਲੇ ਤਿੰਨ ਸਾਲਾਂ ਵਿੱਚ 2500 ਤੋਂ ਵੱਧ ਕੈਨੇਡੀਅਨ ਡਾਕਟਰੀ ਸਹਾਇਤਾ ਨਾਲ ਮੌਤ ਕਬੂਲ ਕਰ ਚੁੱਕੇ ਹਨ। ਕੈਨੇਡਾ ਵਿੱਚ ਮਨੁੱਖੀ ਅਧਿਕਾਰਾਂ ਉੱਤੇ ਜਿਸ ਕਿਸਮ ਦਾ ਪਹਿਰਾ ਦਿੱਤਾ ਜਾਂਦਾ ਹੈ, ਉਸਦੇ ਸਨਮੁਖ ਇਸ ਰੁਝਾਨ ਨੂੰ ਬੈਕ-ਗੇਅਰ ਲੱਗਣਾ ਬਹੁਤ ਔਖਾ ਹੈ। ਸੱਚ ਇਹ ਵੀ ਹੈ ਕਿ ਬਿੱਲ ਸੀ-14 ਦੇ ਪਾਸ ਹੋਣ ਤੋਂ ਪਹਿਲਾਂ ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਨੇ ਇੱਕ ਸਰਵੇਖਣ ਕਰਵਾਇਆ ਸੀ ਜਿਸ ਵਿੱਚ 63% ਡਾਕਟਰ ਆਪਣੇ ਮਰੀਜ਼ਾਂ ਨੂੰ ਸਮੇਂ ਤੋਂ ਪਹਿਲਾਂ ਮਰਨ ਵਿੱਚ ਰੋਲ ਅਦਾ ਕਰਨ ਦੇ ਹੱਕ ਵਿੱਚ ਨਹੀਂ ਸਨ। 2018 ਵਿੱਚ 4700 ਦੇ ਕਰੀਬ ਈਸਾਈ ਡਾਕਟਰਾਂ ਦੇ ਇੱਕ ਗਰੁੱਪ ਨੇ ਅਦਾਲਤ ਵਿੱਚ ਕੇਸ ਕੀਤਾ ਸੀ ਜੇ ਉਹ ਖੁਦ ਕਿਸੇ ਮਰੀਜ਼ ਦੀ ਮਰਨ ਦੀ ਇੱਛਾ ਪੂਰੀ ਨਹੀਂ ਕਰਨਾ ਚਾਹੁੰਦੇ ਤਾਂ ਉਹਨਾਂ ਨੂੰ ਮਜਬੂਰ ਨਾ ਕੀਤਾ ਜਾਵੇ ਕਿ ਉਹ ਮਰੀਜ਼ ਨੂੰ ਕਿਸੇ ਅਜਿਹੇ ਡਾਕਟਰ ਕੋਲ ਰੈਫਰ ਕਰਨ ਜਿਸਨੂੰ ਅਜਿਹਾ ਕਰਨ ਤੋਂ ਗੁਰੇਜ਼ ਨਾ ਹੋਵੇ।

ਕੱਲ ਪੰਜਾਬੀ ਪੋਸਟ ਦੇ ਸੰਪਾਦਕੀ ਵਿੱਚ ਇੱਕ ਮਸਲਾ ਇਹ ਉਠਾਇਆ ਗਿਆ ਸੀ ਕਿ ਸਿੱਖਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਨ ਵਾਲੀਆਂ ਜੱਥੇਬੰਦੀਆਂ ਸਿੱਖਾਂ ਨੂੰ ਦਰਪੇਸ਼ ਮਸਲਿਆਂ ਬਾਰੇ ਅਗਵਾਈ ਦੇਣ ਵਿੱਚ ਫੇਲ੍ਹ ਹੋ ਰਹੀਆਂ ਹਨ। ਡਾਕਟਰੀ ਸਹਾਇਤਾ ਨਾਲ ਮਰਨ ਦੀ ਆਗਿਆ ਦਾ ਮਸਲਾ ਇੱਕ ਵਿਸ਼ੇਸ਼ ਮੁੱਦਾ ਹੈ। ਸਿੱਖ ਭਾਈਚਾਰੇ ਕੋਲ ਦੋ ਦਰਜਨ ਐਮ ਪੀ, ਕਈ ਮੰਤਰੀ, ਸੈਂਕੜੇ ਧਾਰਮਿਕ ਸਥਾਨ ਅਤੇ ਜੱਥੇਬੰਦੀਆਂ ਤਾਂ ਹਨ ਪਰ ਕੋਈ ਸਪੱਸ਼ਟ ਰਣਨੀਤੀ ਨਹੀਂ ਹੈ। ਕੀ ਬਾਰੇ ਸੰਵਾਦ ਰਚਾਉਣ ਦਾ ਇਹ ਸਹੀ ਸਮਾਂ ਨਹੀਂ ਹੈ?

## ਮਾਮੂਲੀ ਝਗੜੇ ਵਿੱਚ ਗੋਲੀ ਮਾਰ ਕੇ ਕਾਰੋਬਾਰੀ ਦੀ ਹੱਤਿਆ

ਕਰਤਾਰਪੁਰ, 14 ਜਨਵਰੀ (ਪੋਸਟ ਬਿਊਰੋ)- ਪਿੰਡ ਧੀਰਪੁਰ ਵਿਚ ਆਪਸੀ ਬਹਿਸ ਪਿੱਛੋਂ ਗੋਲੀ ਚੱਲਣ ਨਾਲ ਕਾਰੋਬਾਰੀ ਦੀ ਮੌਤ ਹੋ ਗਈ। ਮ੍ਰਿਤਕ ਜਗਜੀਤ ਸਿੰਘ ਵਿਆਹਿਆ ਹੋਇਆ ਸੀ ਤੇ ਉਸ ਦੀਆਂ ਦੋ ਬੇਟੀਆਂ ਹਨ।

ਡੀ ਐੱਸ ਪੀ ਸੁਰਿੰਦਰਪਾਲ ਧੋਗੜੀ ਅਤੇ ਥਾਣਾ ਮੁਖੀ ਪੁਸ਼ਪ ਬਾਲੀ ਨੇ ਦੱਸਿਆ ਕਿ ਧਾਰਾ 302 ਦਾ ਕੇਸ ਦਰਜ ਕਰ ਕੇ ਕਾਰਵਾਈ ਕੀਤੀ ਜਾ ਰਹੀ ਹੈ। ਕਰਤਾਰਪੁਰ ਦੇ ਡੀ ਐੱਸ ਪੀ ਸੁਰਿੰਦਰਪਾਲ ਧੋਗੜੀ ਨੇ ਦੱਸਿਆ ਕਿ ਸੰਦੀਪ ਸਿੰਘ ਫੌਜੀ ਪਿੰਡ ਲੱਖਣ ਕੇ ਖੋਲੇ ਵਿੱਚ ਮਕਾਨ ਬਣਵਾ ਰਹੇ ਹਨ ਅਤੇ ਪਿੰਡ ਧੀਰਪੁਰ ਤੋਂ ਲੇਬਰ ਲੈ ਕੇ ਆਉਂਦਾ ਸੀ। ਜਗਜੀਤ ਸਿੰਘ ਪੁੱਤਰ ਜਸਵੰਤ ਸਿੰਘ ਪਿੰਡ ਹਮੀਰਾ ਰੇਤਾ-ਬੱਜਰੀ ਦਾ ਕੰਮ ਕਰਦਾ ਹੈ। ਸੰਦੀਪ ਸਿੰਘ ਅਤੇ ਜਗਜੀਤ ਸਿੰਘ ਦੋਵੇਂ ਲੇਬਰ ਨੂੰ ਛੱਡਣ ਲਈ ਪਿੰਡ ਧੀਰਪੁਰ ਵਿੱਚ ਗਏ ਅਤੇ ਲੇਬਰ ਛੱਡ ਕੇ ਆਪਣੀ ਕਾਰ ਨੂੰ ਮੋੜਨ ਲੱਗੇ ਤਾਂ ਕਾਰ ਪਿੱਛੇ ਖੜ੍ਹੇ ਦੋ ਵਿਅਕਤੀਆਂ ਨਾਲ ਟਕਰਾ ਗਈ। ਇਸ 'ਤੇ ਬਹਿਸ ਸ਼ੁਰੂ ਹੋ ਗਈ। ਸਿਮਰਨਜੀਤ ਸਿੰਘ, ਅਮਨਦੀਪ ਸਿੰਘ ਤੇ ਸੁਖਦੇਵ ਸਿੰਘ ਤਿੰਨੇ ਪੁੱਤਰ ਰੇਸ਼ਮ ਸਿੰਘ ਵਾਸੀ ਧੀਰਪੁਰ ਨਾਲ ਝਗੜਾ ਹੋ ਗਿਆ। ਉਨ੍ਹਾਂ ਵਿੱਚੋਂ ਕਿਸੇ ਇਕ ਨੇ ਜਗਜੀਤ ਸਿੰਘ ਨੂੰ ਗੋਲੀ ਮਾਰ ਦਿੱਤੀ, ਜੋ ਉਸ ਦੇ ਪੇਟ ਵਿੱਚ ਜਾ ਲੱਗੀ। ਉਸੇ ਵੇਲੇ ਲੋਕ ਜਗਜੀਤ ਸਿੰਘ ਨੂੰ ਕਾਰ ਵਿੱਚ ਜਲੰਧਰ ਦੇ ਸੇਕਰਡ ਹਾਰਟ ਹਸਪਤਾਲ ਵਿੱਚ ਲੈ ਆਏ, ਜਿੱਥੇ ਜਗਜੀਤ ਸਿੰਘ ਦੀ ਮੌਤ ਹੋ ਗਈ। ਗੋਲੀ ਕਿਸ ਨੇ ਚਲਾਈ ਅਜੇ ਪਤਾ ਨਹੀਂ ਲੱਗਾ। ਸਿਮਰਨਜੀਤ, ਅਮਨਦੀਪ ਸਿੰਘ, ਸੁਖਦੇਵ ਸਿੰਘ ਤਿੰਨੇ ਫਰਾਰ ਦੱਸੇ ਗਏ ਹਨ।

## ਗੁਰਦੁਆਰਾ ਸਾਹਿਬ ਦੇ ਮੈਨੇਜਰ ਨੇ ਖ਼ੁਦਕੁਸ਼ੀ ਕਰ ਲਈ

ਰਾੜਾ ਸਾਹਿਬ, 14 ਜਨਵਰੀ (ਪੋਸਟ ਬਿਊਰੋ)- ਇਤਿਹਾਸਕ ਅਸਥਾਨ ਗੁਰਦੁਆਰਾ ਨਿੰਮਸਰ ਚੋਲਾ ਸਾਹਿਬ ਘੁਡਾਣੀ ਦੇ ਮੈਨੇਜਰ ਜਗਤਾਰ ਸਿੰਘ ਵਾਸੀ ਜੰਡਾਲੀ (52) ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਮਿਲੀ ਜਾਣਕਾਰੀ ਅਨੁਸਾਰ ਮੈਨੇਜਰ ਜਗਤਾਰ ਸਿੰਘ ਪਿੰਡ ਘੁਡਾਣੀ ਕਲਾਂ ਦੇ ਗੁਰਦੁਆਰਾ ਨਿੰਮਸਰ ਸਾਹਿਬ ਵਿਖੇ ਹੀ ਕਮਰੇ ਵਿੱਚ ਰਹਿੰਦਾ ਸੀ। ਕੱਲ੍ਹ ਸਵੇਰੇ ਜਦੋਂ ਸੇਵਾਦਾਰ ਉਸ ਦੇ ਕਮਰੇ 'ਚ ਗਿਆ ਤਾਂ ਦੇਖਿਆ ਕਿ ਜਗਤਾਰ ਸਿੰਘ ਦੀ ਲਾਸ਼ ਪੱਖੇ ਨਾਲ ਲਟਕ ਰਹੀ ਸੀ। ਸੇਵਾਦਾਰਾਂ ਨੇ ਸਰਪੰਚ ਹਰਿੰਦਰਪਾਲ ਸਿੰਘ ਹਨੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਰਘਵੀਰ ਸਿੰਘ ਸਹਾਰਨ ਮਾਜਰਾ ਨੂੰ ਇਸ ਦੀ ਜਾਣਕਾਰੀ ਦਿੱਤੀ। ਥਾਣਾ ਪਾਇਲ ਦੇ ਮੁੱਖੀ ਕਰਨੈਲ ਸਿੰਘ ਨੇ ਦੱਸਿਆ ਕਿ 174 ਦੀ ਕਾਰਵਾਈ ਕੀਤੀ ਗਈ ਹੈ, ਜਿਸ ਵਿੱਚ ਲਾਸ਼ ਪਰਵਾਰ ਨੂੰ ਦੇ ਦਿੱਤੀ ਜਾਂਦੀ ਹੈ। ਥਾਣਾ ਮੁਖੀ ਕਰਨੈਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਮੈਨੇਜਰ ਜਗਤਾਰ ਸਿੰਘ ਦੀ ਲਾਸ਼ ਪਾਸੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਨਾਂ ਇੱਕ ਪੱਤਰ ਮਿਲਿਆ ਹੈ, ਜਿਸ 'ਚ ਲਿਖਿਆ ਹੈ ਕਿ ਉਸ ਨੇ ਵੱਖ-ਵੱਖ ਗੁਰੂ ਘਰਾਂ 'ਚ ਇਮਾਨਦਾਰੀ ਨਾਲ ਸੇਵਾ ਨਿਭਾਈ ਹੋਈ ਹੈ। ਉਸ ਨੇ ਅਪੀਲ ਕੀਤੀ ਹੈ ਕਿ ਉਸ ਦੇ ਮਰਨ ਤੋਂ ਬਾਅਦ ਪਰਵਾਰ ਦਾ ਖਿਆਲ ਰੱਖਿਆ ਜਾਵੇ।

## ਢਿੱਡ ਵਿੱਚ 64 ਲੱਖ ਦਾ ਹੀਰਾ ਲੈ ਕੇ ਆਉਂਦਾ ਬੰਦਾ ਕਾਬੂ

ਡੁਬਈ, 14 ਜਨਵਰੀ (ਪੋਸਟ ਬਿਊਰੋ)- ਕਦੇ-ਕਦੇ ਚੋਰੀ ਦੀਆਂ ਇਹ ਖਬਰਾਂ ਆਉਂਦੀਆਂ ਹਨ ਕਿ ਲੋਕ ਹੈਰਾਨ ਰਹਿ ਜਾਂਦੇ ਹਨ। ਅਜਿਹਾ ਹੀ ਇਕ ਕੇਸ ਸਾਹਮਣੇ ਆਇਆ ਹੈ ਜਿਸ ਵਿਚ ਅਫਰੀਕੀ ਵਿਅਕਤੀ ਅਪਣੇ ਪੇਟ ਵਿਚ 297 ਗ੍ਰਾਮ ਦਾ ਹੀਰਾ ਲੈ ਕੇ ਜਾ ਰਿਹਾ ਸੀ। ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਇਹ ਘਟਨਾ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਦੀ ਹੈ। ਮੀਡੀਆ ਰਿਪੋਰਟ ਮੁਤਾਬਕ ਫੈਡਰਲ ਕਸਟਮਸ ਅਥਾਰਿਟੀ ਨੇ ਦੱਸਿਆ ਹੈ ਕਿ ਕੁੱਝ ਦਿਨ ਪਹਿਲਾਂ ਸੂਚਨਾ ਮਿਲੀ ਕਿ ਇਕ ਅਫਰੀਕੀ ਆਦਮੀ ਕੁੱਝ ਕੱਚੇ ਹੀਰੇ ਲੈ ਕੇ ਆ ਸਕਦਾ ਹੈ। ਜਦੋਂ ਉਹ ਵਿਅਕਤੀ ਸ਼ਾਰਜਾਹ ਏਅਰਪੋਰਟ ਉੱਤੇ ਪੁੱਜਾ ਤਾਂ ਉਸ ਦਾ ਪਾਸਪੋਰਟ ਜ਼ਬਤ ਕਰ ਲਿਆ ਗਿਆ ਤੇ ਉਸ ਦੇ ਬੈਗ ਦੀ ਤਲਾਸ਼ੀ ਲਈ ਤੇ ਫਿਰ ਐਕਸ-ਰੇ ਹੋਇਆ। ਇਸ ਤੋਂ ਪਿੱਛੋਂ ਜੋ ਹੋਇਆ, ਉਸ ਦੇਖ ਕੇ ਅਧਿਕਾਰੀਆਂ ਦੇ ਹੋਸ਼ ਉੱਡ ਗਏ। ਐਕਸ-ਰੇ ਕਰਨ ਤੋਂ ਬਾਅਦ ਅਧਿਕਾਰੀਆਂ ਨੂੰ ਪਤਾ ਲੱਗਾ ਕਿ ਇਸ ਯਾਤਰੀ ਨੇ 297 ਗ੍ਰਾਮ ਕੱਚੇ ਹੀਰੇ ਖਾ ਲਏ ਸਨ, ਜਿਨ੍ਹਾਂ ਦੀ ਕੀਮਤ ਲਗਭਗ 90,000 ਡਾਲਰ ਸੀ। ਰਿਪੋਰਟ ਮੁਤਾਬਕ ਉਸ ਵਿਅਕਤੀ ਨੇ ਹੀਰੇ ਲਈ ਯੂ ਏ ਈ ਵਿਚ ਖਰੀਦਦਾਰਾਂ ਦੀ ਤਲਾਸ਼ ਵੀ ਕਰ ਲਈ ਸੀ। ਫਿਲਹਾਲ ਉਸ ਤੋਂ ਪੁੱਛਗਿਛ ਕੀਤੀ ਜਾ ਰਹੀ ਹੈ।

## ਹਾਦਸੇ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਜ਼ਾ ਦਿਤੇ ਜਾਣ ਬਾਰੇ ਟਰੂਡੋ ਨਾਲ ਕੀਤਾ ਵਿਚਾਰ ਵਟਾਂਦਰਾ : ਜ਼ੈਲੈਂਸਕੀ

...ਪੰਨਾ 1 ਦਾ ਬਾਕੀ

ਹਾਦਸੇ ਦੇ ਸ਼ਿਕਾਰ ਲੋਕਾਂ, ਕੈਨੇਡੀਅਨ ਨਾਗਰਿਕਾਂ ਸਮੇਤ, ਦੀਆਂ ਲਾਸ਼ਾਂ ਦੀ ਪਛਾਣ ਕਰਨ ਲਈ ਇਰਾਨੀ ਅਧਿਕਾਰੀਆਂ ਨਾਲ ਡੀਲ ਕਰਨ ਵਾਸਤੇ ਸਹਿਯੋਗ ਲਈ ਵੀ ਟਰੂਡੋ ਨੇ ਜ਼ੈਲੈਂਸਕੀ ਨੂੰ ਆਖਿਆ। ਇਸ ਬਿਆਨ ਅਨੁਸਾਰ ਜ਼ੈਲੈਂਸਕੀ ਨੇ ਟਰੂਡੋ ਨੂੰ ਆਖਿਆ ਕਿ ਯੂਕਰੇਨੀਆਈ ਮਾਹਿਰ ਤੇ ਡਿਪਲੋਮੈਟਸ ਤਹਿਰਾਨ ਸਥਿਤ ਆਪਣੇ ਹਮਰੁਤਬਾ ਕੈਨੇਡੀਅਨਾਂ ਦਾ ਸਾਥ ਦੇਣ ਲਈ ਪੂਰੀ ਤਰ੍ਹਾਂ ਤਿਆਰ ਹਨ।

ਟਰੂਡੋ ਦੇ ਆਫਿਸ ਵੱਲੋਂ ਇਸ ਕਾਲ ਬਾਰੇ ਦਿੱਤੀ ਗਈ ਜਾਣਕਾਰੀ ਅਨੁਸਾਰ ਦੋਵਾਂ ਆਗੂਆਂ ਨੇ ਕੌਮਾਂਤਰੀ ਸਹਿਯੋਗ ਨਾਲ ਇਸ ਮਾਮਲੇ ਦੀ ਮੁਕੰਮਲ ਤੇ ਭਰੋਸੇਯੋਗ ਜਾਂਚ ਕਰਵਾਏ ਜਾਣ ਦੀ ਲੋੜ ਉਤੇ ਜ਼ੋਰ ਦਿੱਤਾ। ਇਸ ਦੇ ਨਾਲ ਹੀ ਦੋਵਾਂ ਧਿਰਾਂ ਦੇ ਸਾਰੇ ਸਵਾਲਾਂ ਦੇ ਜਵਾਬ, ਜਵਾਬਦੇਹੀ ਤੇ ਇਸ ਤ੍ਰਾਸਦੀ ਤੋਂ ਪ੍ਰਭਾਵਿਤ ਲੋਕਾਂ ਨੂੰ ਨਿਆਂ ਦਿੱਤੇ ਜਾਣ ਦੀ ਵੀ ਪੈਰਵੀ ਕੀਤੀ।

## ਇਮੀਗ੍ਰੇਸ਼ਨ ਮੰਤਰੀ ਵੱਲੋਂ ਬਰੈਂਪਟਨ ਦਾ ਦੌਰਾ



...ਪੰਨਾ 1 ਦਾ ਬਾਕੀ

ਐਮਪੀ ਸਹੋਤਾ ਨੇ ਇਸ ਮੌਕੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਉੱਤੇ ਮਾਣ ਰਿਹਾ ਹੈ ਕਿ ਸਾਡੀ ਸਰਕਾਰ ਤੇ ਸਾਡੇ ਮੰਤਰੀ ਬਰੈਂਪਟਨ ਆਉਣ ਲਈ ਸਮਾਂ ਕੱਢਦੇ ਹਨ ਤੇ ਸਾਡੇ ਸਵਾਲਾਂ, ਚਿੰਤਾਵਾਂ ਤੇ ਸੁਝਾਵਾਂ ਨੂੰ ਸੁਣਦੇ ਹਨ। ਉਨ੍ਹਾਂ ਆਖਿਆ ਕਿ ਇਹ ਸਾਰੇ ਸਵਾਲ, ਤੌਖ਼ਲੇ ਤੇ ਸੁਝਾਅ ਆਦਿ ਉਹ ਕਮਿਊਨਿਟੀ ਮੈਂਬਰਾਂ ਵੱਲੋਂ ਆਪਣੇ ਆਫਿਸ, ਕਮਿਊਨਿਟੀ ਈਵੈਂਟਸ ਤੇ ਵਾਇਆ ਸੋਸ਼ਲ ਮੀਡੀਆ ਵਿੱਚ ਹੀ ਸੁਣਦੀ ਹੈ।

ਉਨ੍ਹਾਂ ਆਖਿਆ ਕਿ ਮੈਂਡੀਸਿਨੋ ਨੇ ਸਾਡੀਆਂ ਗੱਲਾਂ ਬਹੁਤ ਹੀ ਗੌਰ ਨਾਲ ਸੁਣੀਆਂ ਤੇ ਕਮਿਊਨਿਟੀ ਦੀਆਂ ਚਿੰਤਾਵਾਂ ਨੂੰ ਵੀ ਪੂਰੀ ਤਵੱਜੋ ਦਿੱਤੀ ਤਾਂ ਕਿ ਅਸੀਂ ਇਹ ਯਕੀਨੀ ਬਣਾ ਸਕੀਏ ਕਿ ਸਾਡਾ ਇਮੀਗ੍ਰੇਸ਼ਨ ਸਿਸਟਮ ਪੂਰੀ ਤਰ੍ਹਾਂ ਸਮਰੱਥ, ਕੇਂਦਰਿਤ, ਜ਼ਿੰਮੇਵਾਰ ਤੇ ਸਹੀ ਹੋ ਸਕੇ। ਗੱਲਬਾਤ ਇਸ ਗੱਲ ਉੱਤੇ ਕੇਂਦਰਿਤ ਰਹੀ ਕਿ ਪੇਰੈਂਟ ਐਂਡ ਗ੍ਰੈਂਡਪੇਰੈਂਟ ਪ੍ਰੋਗਰਾਮ, ਇੰਟਰਨੈਸ਼ਨਲ ਸਟੂਡੈਂਟ ਪ੍ਰੋਗਰਾਮ, ਟੈਂਪਰੇਰੀ ਰੈਜ਼ੀਡੈਂਸ ਵਿਜ਼ੀਟਰ ਪ੍ਰੋਗਰਾਮ ਤੇ ਸੈਟਲਮੈਂਟ ਸੇਵਾਵਾਂ ਲਈ ਫੰਡਾਂ ਵਿੱਚ ਇਜਾਫਾ ਕਿਸ ਤਰ੍ਹਾਂ ਕੀਤਾ ਜਾਵੇ।

## ਯੂਕਰੇਨ ਜਹਾਜ਼ ਹਾਦਸੇ ਵਿੱਚ ਇਰਾਨ ਨੇ ਕੁੱਝ ਲੋਕਾਂ ਨੂੰ ਕੀਤਾ ਗ੍ਰਿਫਤਾਰ

...ਪੰਨਾ 1 ਦਾ ਬਾਕੀ

ਹਾਲਾਂਕਿ ਇਰਾਨੀ ਅਧਿਕਾਰੀਆਂ ਵੱਲੋਂ ਜਾਹਰਾ ਤੌਰ ਉੱਤੇ ਇਸ ਹਾਦਸੇ ਦੇ ਅਸਲ ਕਾਰਨਾਂ ਨੂੰ ਲੁਕਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਸੱਚ ਆਖਿਰਕਾਰ ਸਾਹਮਣੇ ਆ ਹੀ ਗਿਆ। ਇਸ ਸੱਚ ਦੇ ਸਾਹਮਣੇ ਆਉਣ ਤੋਂ ਬਾਅਦ ਤੋਂ ਹੀ ਕੁਝ ਇਰਾਨੀ ਗੁੱਸੇ ਕਾਰਨ ਮੁਜ਼ਾਹਰਾ ਕਰ ਰਹੇ ਹਨ। ਸ਼ੁਰੂ ਵਿੱਚ ਇਰਾਨ ਨੇ ਇਨ੍ਹਾਂ ਦੋਸ਼ਾਂ ਤੋਂ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਸੀ ਕਿ ਉਸ ਵੱਲੋਂ ਦਾਗੀ ਗਈ ਮਿਜ਼ਾਈਲ ਕਾਰਨ ਹੀ ਜਹਾਜ਼ ਨੂੰ ਹਾਦਸਾ ਪੇਸ਼ ਆਇਆ। ਸਬੂਤ ਮਿਲਣ ਅਤੇ ਹਾਦਸੇ ਤੋਂ ਤਿੰਨ ਬਾਅਦ ਇਰਾਨ ਨੇ ਇਹ ਮੰਨ ਲਿਆ ਕਿ ਉਸ ਦੇ ਰੈਵੋਲਿਊਸ਼ਨਰੀ ਗਾਰਡ ਨੇ ਗਲਤੀ ਨਾਲ ਇਸ ਜਹਾਜ਼ ਨੂੰ ਨਿਸ਼ਾਨਾ ਬਣਾਇਆ।

ਨਿਆਂਪਾਲਿਕਾ ਦੇ ਬੁਲਾਰੇ ਗੁਲਾਮਹੁਸੈਨ ਇਸਮਾਇਲੀ ਦੇ ਹਵਾਲੇ ਨਾਲ ਇਰਾਨ ਦੇ ਸਰਕਾਰੀ ਮੀਡੀਆ ਨੇ ਆਖਿਆ ਕਿ ਇਸ ਮਾਮਲੇ ਵਿੱਚ ਡੂੰਘਾਈ ਨਾਲ ਜਾਂਚ ਕੀਤੀ ਗਈ ਹੈ ਤੇ ਕੁੱਝ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਇਹ ਨਹੀਂ ਦੱਸਿਆ ਕਿ ਕਿੰਨੇ ਵਿਅਕਤੀਆਂ ਨੂੰ ਨਜ਼ਰਬੰਦ ਕੀਤਾ ਗਿਆ ਹੈ ਤੇ ਨਾ ਹੀ ਉਨ੍ਹਾਂ ਵਿਚੋਂ ਕਿਸੇ ਦੇ ਨਾਂ ਹੀ ਉਨ੍ਹਾਂ ਦੱਸੇ।

ਮੰਗਲਵਾਰ ਨੂੰ ਇਰਾਨ ਦੇ ਰਾਸ਼ਟਰਪਤੀ ਨੇ ਇਸ ਮਾਮਲੇ ਦੀ ਜਾਂਚ ਕਰਨ ਲਈ ਸਪੈਸ਼ਲ ਕੋਰਟ ਕਾਇਮ ਕਰਨ ਦੀ ਵੀ ਜਨਤਕ ਤੌਰ ਉੱਤੇ ਮੰਗ ਕੀਤੀ। ਰਾਸ਼ਟਰਪਤੀ ਹਸਨ ਰੂਹਾਨੀ ਨੇ ਇਰਾਨ ਵਿੱਚ ਟੀਵੀ ਉੱਤੇ ਵਿਖਾਏ ਗਏ ਭਾਸ਼ਣ ਵਿੱਚ ਆਖਿਆ ਕਿ ਨਿਆਂਪਾਲਿਕਾ ਨੂੰ ਇਕ ਸਪੈਸ਼ਲ ਕੋਰਟ ਕਾਇਮ ਕਰਨਾ ਚਾਹੀਦਾ ਹੈ ਤੇ ਇੱਕ ਜੱਜ ਨਿਯੁਕਤ ਕਰਕੇ ਕਈ ਮਾਹਿਰਾਂ ਦੀ ਰਾਇ ਨਾਲ ਇਸ ਮਾਮਲੇ ਸਬੰਧੀ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਇਹ ਕੋਈ ਸਾਧਾਰਨ ਕੇਸ ਨਹੀਂ ਹੈ। ਪੂਰੀ ਦੁਨੀਆਂ ਦੀਆਂ ਨਜ਼ਰਾਂ ਇਸ ਮਾਮਲੇ ਉੱਤੇ ਗੱਡੀਆਂ ਹਨ।

ਰੂਹਾਨੀ ਨੇ ਇਸ ਹਾਦਸੇ ਨੂੰ ਬਹੁਤ ਹੀ ਦਰਦਨਾਕ ਤੇ ਕਦੇ ਮੁਆਫ ਨਾ ਕੀਤੀ ਜਾਣ ਵਾਲੀ ਭੁੱਲ ਦਸਿਆ। ਉਨ੍ਹਾਂ ਇਹ ਭਰੋਸਾ ਵੀ ਦਿਵਾਇਆ ਕਿ ਪ੍ਰਸ਼ਾਸਨ ਹਰ ਹਾਲ ਇਸ ਕੇਸ ਨੂੰ ਜਾਰੀ ਰੱਖੇਗਾ। ਉਨ੍ਹਾਂ ਅੱਗੇ ਆਖਿਆ ਕਿ ਇਸ ਹਾਦਸੇ ਦੀ ਜ਼ਿੰਮੇਵਾਰੀ ਕਿਸੇ ਇੱਕ ਵਿਅਕਤੀ ਦੀ ਨਹੀਂ। ਦੋਸ਼ੀ ਪਾਏ ਜਾਣ ਵਾਲੇ ਨੂੰ ਬਖਸ਼ਿਆ ਨਹੀਂ ਜਾਣਾ ਚਾਹੀਦਾ। ਰੂਹਾਨੀ ਨੇ ਆਖਿਆ ਕਿ ਸਰਕਾਰ ਨੇ ਇਸ ਜਹਾਜ਼ ਨੂੰ ਗਲਤੀ ਨਾਲ ਫੁੰਡਣ ਦੀ ਗੱਲ ਮੰਨ ਕੇ ਚੰਗਾ ਕੀਤਾ। ਯੂਕਰੇਨ ਦੀ ਰਾਜਧਾਨੀ ਕੀਵ ਜਾ ਰਹੇ ਜਹਾਜ਼ ਵਿਚ 167 ਯਾਤਰੀ ਤੇ ਅਮਲੇ ਦੇ ਨੌਂ ਮੈਂਬਰ ਸਵਾਰ ਸਨ। ਇਨ੍ਹਾਂ ਵਿਚੋਂ 82 ਇਰਾਨੀ, 57 ਕੈਨੇਡੀਅਨ ਤੇ ਯੂਕਰੇਨ ਦੇ 11 ਵਾਸੀ ਸਵਾਰ ਸਨ।

## ਐੱਸ ਆਰ ਐੱਸ ਗਰੁੱਪ ਦੀ 2510 ਕਰੋੜ ਦੀ ਪ੍ਰਾਪਰਟੀ ਜ਼ਬਤ

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਫਰੀਦਾਬਾਦ ਦੇ ਐੱਸ ਆਰ ਐੱਸ ਗਰੁੱਪ 'ਤੇ ਸ਼ਿਕੰਜਾ ਕੱਸਿਆ ਹੈ। ਮਨੀ ਲਾਂਡਰਿੰਗ ਰੋਕਥਾਮ ਕਾਨੂੰਨ ਹੇਠ ਕਾਰਵਾਈ ਕਰਦੇ ਹੋਏ ਈ ਡੀ ਨੇ ਇਸ ਗਰੁੱਪ, ਉਸ ਦੇ ਡਾਇਰੈਕਟਰਾਂ ਅਤੇ ਉਨ੍ਹਾਂ ਨਾਲ ਜੁੜੀਆਂ ਕੰਪਨੀਆਂ ਦੀ 2510 ਕਰੋੜ ਰੁਪਏ ਦੀ ਪ੍ਰਾਪਰਟੀ ਜ਼ਬਤ ਕਰ ਲਈ ਹੈ। ਐੱਸ ਆਰ ਐੱਸ ਵਿੱਚ ਨਿਵੇਸ਼ਕਾਂ ਦੇ ਹਜ਼ਾਰਾਂ ਕਰੋੜ ਰੁਪਏ ਡੁੱਬ ਗਏ ਸਨ। ਜਾਂਚ ਵਿੱਚ ਪਤਾ ਲੱਗਾ ਕਿ ਇਸ ਗਰੁੱਪ ਨੇ ਨਿਵੇਸ਼ਕਾਂ ਦਾ ਪੈਸਾ ਮੁਖੌਟਾ ਕੰਪਨੀਆਂ ਰਾਹੀਂ ਨਿੱਜੀ ਜਾਇਦਾਦ ਬਣਾਉਣ ਵਿੱਚ ਲਾ ਦਿੱਤਾ ਸੀ।

ਈ ਡੀ ਨੇ ਇਸ ਗਰੁੱਪ ਦੀਆਂ ਜ਼ਬਤ ਜਾਇਦਾਦਾਂ ਦਾ ਵੇਰਵਾ ਨਹੀਂ ਦਿੱਤਾ, ਪਰ ਅਧਿਕਾਰਕ ਸੂਤਰਾਂ ਦੇ ਅਨੁਸਾਰ ਇਨ੍ਹਾਂ ਵਿੱਚ ਸਿਨੇਮਾ ਹਾਲ, ਮਾਲ, ਰੀਅਲ ਅਸਟੇਟ, ਪ੍ਰੋਜੈਕਟਾਂ, ਸਕੂਲ, ਰਿਹਾਇਸ਼ੀ ਮਕਾਨ, ਫਿਕਸਡ ਡਿਪੋਜ਼ਿਟ ਤੇ ਬੈਂਕ ਖਾਤਿਆਂ ਵਿੱਚ ਜਮ੍ਹਾ ਰਕਮਾਂ ਸ਼ਾਮਲ ਹਨ। ਈ ਡੀ ਅਨੁਸਾਰ ਐੱਸ ਆਰ ਐੱਸ ਗਰੁੱਪ ਰੀਅਲ ਅਸਟੇਟ, ਕਮਰਸ਼ੀਅਲ ਪ੍ਰੋਜੈਕਟ ਆਦਿ ਵਿੱਚ ਨਿਵੇਸ਼ 'ਤੇ ਵੱਡੀ ਆਮਦਨ ਦਾ ਝਾਂਸਾ ਦੇ ਕੇ ਨਿਵੇਸ਼ਕਾਂ ਨੂੰ ਖਿੱਚਦਾ ਸੀ। ਸ਼ੁਰੂ ਵਿੱਚ ਨਿਵੇਸ਼ਕਾਂ ਨੂੰ ਝਾਂਸਾ ਦੇਣ ਲਈ ਕੁਝ ਮਹੀਨੇ ਆਮਦਨ ਦੇ ਪੈਸੇ ਵਾਪਸ ਵੀ ਕੀਤੇ, ਪਰ ਬਾਅਦ ਵਿੱਚ ਕੰਪਨੀ ਨੇ ਇਸ ਨੂੰ ਦੇਣਾ ਬੰਦ ਕਰ ਦਿੱਤਾ। ਨਿਵੇਸ਼ਕਾਂ ਦੀ ਸ਼ਿਕਾਇਤ 'ਤੇ ਫਰੀਦਾਬਾਦ ਵਿੱਚ ਗਰੁੱਪ ਦੇ ਖਿਲਾਫ ਕਈ ਕੇਸ ਦਰਜ ਹਨ ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਦੋਸ਼ ਪੱਤਰ ਵੀ ਦਾਖਲ ਕੀਤੇ ਜਾ ਚੁੱਕੇ ਹਨ।






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4


| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


## ਸੜਕ ਹਾਦਸੇ 'ਚ ਬੱਸ ਡਰਾਈਵਰ ਦੀ ਮੌਤ

ਤਰਨ ਤਾਰਨ, 14 ਜਨਵਰੀ (ਪੋਸਟ ਬਿਊਰੋ)- ਨੈਸ਼ਨਲ ਹਾਈਵੇ ਉੱਤੇ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਾਹਮਣੇ ਕਈ ਵਾਹਨਾਂ ਦੇ ਆਪਸ ਵਿੱਚ ਖਹਿ ਜਾਣ ਨਾਲ ਇੱਕ ਵਿਅਕਤੀ ਦੀ ਮੌਕੇ 'ਤੇ ਮੌਤ ਹੋ ਗਈ।

ਸਥਾਨਕ ਥਾਣਾ ਸਦਰ ਦੇ ਏ ਐਸ ਆਈ ਬਿਸ਼ਨ ਦਾਸ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਸਰਬਜੀਤ ਸਿੰਘ (30) ਵਾਸੀ ਠੱਠੀਆਂ ਮਹੰਤਾਂ ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਸਵੇਰੇ ਸੰਘਣੀ ਧੁੰਦ ਵਿੱਚ ਇੱਕ ਟਰੱਕ ਟਰਾਲਾ ਪਿੱਦੀ ਪਿੰਡ ਨੇੜੇ ਕੋਰਟ ਕੰਪਲੈਕਸ ਤੋਂ ਤਰਨ ਤਾਰਨ ਨੂੰ ਮੋੜ ਕੱਟ ਰਿਹਾ ਸੀ ਜਿਸ ਨਾਲ ਇੱਕ ਸਕੂਲੀ ਬੱਸ ਖਹਿ ਗਈ। ਇਸ ਬੱਸ ਦੀਆਂ ਸਵਾਰੀਆਂ ਦਾ ਬਚਾਅ ਹੋ ਗਿਆ, ਪਰ ਬੱਸ ਚਾਲਕ ਬੱਸ ਨੂੰ ਭਜਾ ਕੇ ਲੈ ਗਿਆ ਤੇ ਟਰਾਲਾ ਡਰਾਈਵਰ ਆਪਣਾ ਸੰਤੁਲਨ ਗੁਆ ਬੈਠਾ। ਇਸੇ ਦੌਰਾਨ ਅੰਮ੍ਰਿਤਸਰ ਵੱਲੋਂ ਬਰਨਾਲਾ ਟਰਾਂਸਪੋਰਟ ਕੰਪਨੀ ਦੀ ਬੱਸ ਆਈ ਜਿਸ ਨੂੰ ਸਰਬਜੀਤ ਸਿੰਘ ਚਲਾ ਰਿਹਾ ਸੀ। ਉਹ ਆਪਣੀ ਬੱਸ ਤੋਂ ਹੇਠਾਂ ਉਤਰ ਕੇ ਇਸ਼ਾਰਾ ਕਰਕੇ ਟਰਾਲਾ ਲੰਘਾਉਣ ਲਈ ਮਦਦ ਕਰ ਰਿਹਾ ਸੀ ਕਿ ਇਸੇ ਦੌਰਾਨ ਕੋਈ ਤੇਜ਼ ਰਫ਼ਤਾਰ ਵਾਹਨ ਉਸ ਨੂੰ ਫੇਟ ਮਾਰ ਗਿਆ ਅਤੇ ਉਸ ਦਾ ਸਿਰ ਇੱਕ ਟਾਇਰ ਹੇਠਾਂ ਆ ਗਿਆ। ਉਸ ਦੀ ਮੌਕੇ 'ਤੇ ਮੌਤ ਹੋ ਗਈ।
















# ਉਚੀਆਂ ਲੰਮੀਆਂ ਟਾਹਲੀਆਂ ਵੇ ਹਾਣੀਆਂ..

-ਡਾ. ਬਲਵਿੰਦਰ ਸਿੰਘ ਲੱਖੇਵਾਲੀ



ਉਚੀਆਂ ਲੰਮੀਆਂ ਟਾਹਲੀਆਂ ਵੇ
ਹਾਣੀਆਂ, ਹੇਠ ਵਗੇ ਦਰਿਆ
ਮੈਂ ਦਰਿਆ ਦੀ ਮੱਛਲੀ ਵੇ
ਸੋਹਣਿਆਂ,
ਬਗਲਾ ਬਣ ਕੇ ਆ।

ਕਿਸੇ ਸਮੇਂ ਉਚੇ ਲੰਮੇ ਟਾਹਲੀ ਦੇ ਰੁੱਖ ਪੰਜਾਬ ਦੇ ਪਿੰਡਾਂ, ਖੇਤਾਂ, ਰਾਹ ਰਸਤਿਆਂ ਦਾ ਸ਼ਿੰਗਾਰ ਹੁੰਦੇ ਸਨ। ਅੱਜ ਇਹ ਰੁੱਖ ਲੋਪ ਭਾਵੇਂ ਨਹੀਂ ਹੋ ਰਿਹਾ, ਪ੍ਰੰਤੂ ਪੰਜਾਬ ਵਿੱਚ ਇਸ ਰੁੱਖ ਦੀ ਗਿਣਤੀ ਵਿੱਚ ਕਾਫੀ ਗਿਰਾਵਟ ਵੇਖਣ ਨੂੰ ਮਿਲੀ ਹੈ। ਟਾਹਲੀ ਨੂੰ ਪੰਜਾਬ ਦੇ 'ਰਾਜ ਰੁੱਖ' ਹੋਣ ਦਾ ਮਾਣ ਮਿਲਿਆ ਹੋਇਆ ਹੈ। ਇਸ ਦੀ ਲੱਕੜ ਬਹੁਤ ਚੰਗੀ ਤੇ ਗੁਣਕਾਰੀ ਹੋਣ ਸਦਕਾ ਇਸ ਨੂੰ ਪੰਜਾਬ ਦੇ ਸਾਗਵਾਨ ਵੀ ਕਿਹਾ ਜਾਂਦਾ ਹੈ। ਟਾਹਲੀ ਉਨੀਵੀਂ ਸਦੀ ਦਾ ਪੰਜਾਬ ਦੀਆਂ ਸੜਕਾਂ ਕੰਢੇ ਲੱਗਾ ਸਭ ਤੋਂ ਬਿਹਤਰ ਤੇ ਗੁਣਕਾਰੀ ਰੁੱਖ ਹੈ। ਸਿੱਲ੍ਹਾ ਵਾਤਾਵਰਣ ਇਸ ਰੁੱਖ ਲਈ ਪਸੰਦੀ ਹੋਣ ਕਰਕੇ ਅਕਸਰ ਟਾਹਲੀਆਂ ਦਰਿਆਵਾਂ, ਚੋਆਂ ਤੇ ਵਗਦੇ ਪਾਣੀਆਂ ਦੇ ਕੰਢੇ ਵੱਧ ਗਿਣਤੀ ਵਿੱਚ ਵੇਖਣ ਨੂੰ ਮਿਲਦੀਆਂ ਹਨ।

ਚੋਅ ਦੀ ਟਾਹਲੀ ਬੜੀ ਨਰੋਈ, ਸੁੱਕਦੀ ਛੇਤੀ ਨਾ
ਕੜਬ ਕੁਤਰਨੀ ਕਰ ਲੈ ਤੇਜ਼ ਗੰਡਾਸੇ ਰੇਤੀ ਨਾ..

ਮਨੁੱਖ ਦੇ ਨਿੱਜੀ ਸਵਾਰਥਾਂ ਕਰਕੇ ਦਿਨ-ਬ-ਦਿਨ ਘਟਦਾ ਜਾ ਰਿਹਾ ਇਹ ਰੁੱਖ ਆਪਣੀ ਗੂੜ੍ਹੀ ਛਾਂ ਕਰਕੇ ਵੀ ਪਿੰਡ ਦੀਆਂ ਸੱਥਾਂ, ਛੱਪੜਾਂ, ਖੂਹਾਂ ਟੋਭਿਆਂ ਦਾ ਸ਼ਿੰਗਾਰ ਬਣਦਾ ਹੈ। ਸਖਤ ਜਾਨ ਰੁੱਖ ਹੋਣ ਕਰਕੇ ਸਾਉਣ ਮਹੀਨੇ ਤੀਆਂ ਦੇ ਦਿਨੀਂ ਮੁਟਿਆਰਾਂ ਵੱਲੋਂ ਪੀਂਘਾਂ ਵੀ ਇਸ ਰੁੱਖ ਉੱਤੇ ਪਾਉਣੀਆਂ ਪਸੰਦ ਕੀਤੀਆਂ ਜਾਂਦੀਆਂ ਸਨ। ਪਿਛਲੇ 15 ਕੁ ਸਾਲਾਂ ਵਿੱਚ ਸੜਕ ਕੰਢੇ ਲੱਗੇ ਰੁੱਖਾਂ ਨੂੰ ਬਿਮਾਰੀ ਨੇ ਆਪਣੀ ਜਕੜ ਵਿੱਚ ਲੈ ਲਿਆ ਤੇ ਟਾਹਲੀ ਕਿੱਕਰ ਦੇ ਕਾਫੀ ਰੁੱਖ ਸੁੱਕ ਗਏ। ਖੇਤਾਂ ਵਿੱਚ ਖੜੇ ਰੁੱਖਾਂ ਨੂੰ ਹਾੜ੍ਹੀ ਸਾਉਣੀ ਕਣਕ ਝੋਨੇ ਦੀ ਨਾੜ ਨੂੰ ਲੱਗਦੀ ਅੱਗ ਝੁਲਸ ਕੇ ਖਾ ਗਈ।

ਟਾਹਲੀ ਦਾ ਸਬੰਧ ਸਿਰਫ ਸਾਡੇ ਸੱਭਿਆਚਾਰਕ ਪੱਖ ਤੱਕ ਸੀਮਿਤ ਨਹੀਂ, ਬਲਕਿ ਧਾਰਮਿਕ ਪੱਖੋਂ ਵੀ ਵੇਖਣ ਨੂੰ ਮਿਲਦਾ ਹੈ। ਸਿੱਖ ਧਰਮ ਵਿੱਚ ਟਾਹਲੀ ਦਾ ਸਬੰਧ ਕਈ ਗੁਰੂ ਸਾਹਿਬਾਨ ਨਾਲ ਜੁੜਿਆ ਹੋਇਆ ਹੈ। ਪੰਜਾਬ ਵਿੱਚ ਗੁਰਦੁਆਰਾ ਟਾਹਲੀ ਸਾਹਿਬ ਜਾਂ ਟਾਹਲੀਆਣਾ ਸਾਹਿਬ ਤਹਿਤ ਕਈ ਥਾਵਾਂ 'ਤੇ ਧਾਰਮਿਕ ਸਥਾਨ ਬਣੇ ਹੋਏ ਹਨ।

ਹਿਮਾਲਿਆ ਪਰਬਤ ਦੀਆਂ ਹੇਠਲੀਆਂ ਪਹਾੜੀਆਂ ਤੋਂ ਲੈ ਕੇ ਪੰਜਾਬ, ਮਹਾਰਾਸ਼ਟਰ, ਕਰਨਾਟਕ ਅਤੇ ਦੱਖਣੀ ਸੂਬੇ ਕੇਰਲਾ, ਤਾਮਿਲ ਨਾਡੂ ਤੱਕ ਮਿਲਣ ਵਾਲਾ ਦਰਮਿਆਨੇ ਤੋਂ ਵੱਡੇ ਆਕਾਰ ਦਾ ਟਾਹਲੀ ਦਾ ਰੁੱਖ ਸੰਸਾਰ ਪੱਧਰ 'ਤੇ ਸ਼ੀਸਮ, ਬਲੈਕ ਵੁੱਡ, ਰੋਜ਼ ਵੁੱਡ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਸ ਰੁੱਖ ਦਾ ਮੂਲ ਸਥਾਨ ਭਾਰਤ ਅਤੇ ਗੁਆਂਢੀ ਇਲਾਕੇ ਪਾਕਿਸਤਾਨ ਤੇ ਨੇਪਾਲ ਨੂੰ ਵੀ ਮੰਨਿਆ ਜਾਂਦਾ ਹੈ। ਭਾਰਤ ਵਿੱਚ ਸਾਗਵਾਨ ਜਾਂ ਟੀਕ ਤੋਂ ਬਾਅਦ ਦੂਜੇ ਨੰਬਰ 'ਤੇ ਅਹਿਮੀਅਤ ਰੱਖਣ ਅਤੇ ਉਗਾਇਆ ਜਾਣ ਵਾਲਾ ਟਾਹਲੀ ਦਾ ਰੁੱਖ ਹੈ।

ਟਾਹਲੀ ਦੇ ਪੱਤੇ ਦਿਲ ਦੀ ਸ਼ਕਲ ਜਾਂ ਪਤਾਸਿਆਂ ਦੀ ਤਰ੍ਹਾਂ ਗੋਲ ਮੋਲ ਜਿਹੇ ਹੁੰਦੇ ਹਨ ਜੋ ਰੁੱਖ ਉਪਰੋਂ ਸਰਦੀ ਦੇ ਦਿਨੀਂ ਝੜ ਜਾਂਦੇ ਹਨ ਅਤੇ ਫਰਵਰੀ ਅੰਤ ਜਾਂ ਮਾਰਚ ਦੇ ਸ਼ੁਰੂ ਵਿੱਚ ਰੁੱਖ ਦੁਬਾਰਾ ਹਰਾ ਭਰਾ ਹੋਣਾ ਸ਼ੁਰੂ ਹੋ ਜਾਂਦਾ ਹੈ। ਟਾਹਲੀ ਦੀ ਛਾਂ ਕਾਫੀ ਸੰਘਣੀ ਹੋਣ ਸਦਕਾ ਪਹਿਲਾਂ-ਪਹਿਲ ਲੋਕ ਆਪਣੇ ਕਈ ਤਰ੍ਹਾਂ ਦੇ ਕਾਰਜ ਇਸ ਰੁੱਖ ਹੇਠ ਕਰਦੇ ਸਨ। ਲੋਕ ਖੁਸ਼ੀ ਗਮੀ ਦੌਰਾਨ ਵੀ ਇਨ੍ਹਾਂ ਰੁੱਖਾਂ ਹੇਠ ਇਕੱਠੇ ਹੁੰਦੇ ਸਨ। ਘਰੇ ਮੁੰਡੇ ਦਾ ਮੰਗਣਾ ਹੋਣਾ, ਜਿਸ ਨੂੰ ਉਦੋਂ ਮੰਗਣੇ ਨਾਲੋਂ ਰੋਪਣਾ ਕਹਿਣਾ ਵੱਧ ਪਸੰਦ ਕੀਤਾ ਜਾਂਦਾ ਸੀ, ਤਾਂ ਘਰ ਲੱਗੀ ਟਾਹਲੀ ਹੇਠ ਮੰਜਿਆਂ 'ਤੇ ਵਿਛੀਆਂ ਰੰਗੀਨ ਚਾਦਰਾਂ 'ਤੇ ਮਹਿਮਾਨਾਂ ਦੇ ਖੁਸ਼ਗਵਾਰ ਮਾਹੌਲ ਨੂੰ ਟਾਹਲੀ ਉੱਤੇ ਬੈਠਾ ਤੋਤਾ ਵੀ ਰੰਗੀਨ ਬਣਾ ਦਿੰਦਾ ਸੀ।

ਮੇਰੇ ਵੀਰ ਦੀ ਰੋਪਣਾ ਪੈਂਦੀ,
ਟਾਹਲੀ ਉਤੇ ਬੋਲ ਤੋਤਿਆਂ।

ਰੁੱਖ ਜਦ ਮਾਰਚ ਮਹੀਨੇ ਹਰੇ ਕਚੂਰ ਪੱਤਿਆਂ ਨਾਲ ਭਰ ਜਾਂਦਾ ਹੈ ਤਾਂ ਨਾਲ ਹੀ ਸਫੈਦ ਰੰਗ ਦੇ ਹਲਕੀ ਜਿਹੀ ਸੁੰਗਧੀ ਵਾਲੇ ਫੁੱਲ ਪੈਣੇ ਸ਼ੁਰੂ ਹੋ ਜਾਂਦੇ ਸਨ, ਜੋ ਜ਼ਿਆਦਾ ਸਮਾਂ ਰੁੱਖ ਉਪਰ ਵਿਖਾਈ ਨਹੀਂ ਦਿੰਦੇ। ਇਹ ਫੁੱਲ ਜਲਦੀ ਹੀ ਫੀਤੀਆਂ ਵਰਗੀ ਦਿੱਖ ਰੱਖਣ ਵਾਲੀਆਂ ਚਪਟੀਆ ਫਲੀਆਂ ਰੂਪੀ ਫਲਾਂ ਵਿੱਚ ਤਬਦੀਲ ਹੋਣੇ ਸ਼ੁਰੂ ਹੋ ਜਾਂਦੇ ਹਨ। ਰੁੱਖ ਦਾ ਬੀਜ ਹਵਾ ਅਤੇ ਪਾਣੀ ਦੋਵਾਂ ਸਾਧਨਾਂ ਰਾਹੀਂ ਵੱਖ-ਵੱਖ ਦਿਸ਼ਾਵਾਂ ਵਿੱਚ ਵੰਡਿਆ ਜਾਂਦਾ ਹੈ ਅਤੇ ਸਮਾਂ ਪਾ ਕੇ ਲੋੜੀਂਦਾ ਵਾਤਾਵਰਣ ਮਿਲਣ 'ਤੇ ਪੌਦੇ ਖੁਦ-ਬ-ਖੁਦ ਉਗਣੇ ਸ਼ੁਰੂ ਹੋ ਜਾਂਦੇ ਹਨ। ਟਾਹਲੀ ਦੇ ਪੌਦੇ ਬੀਜ ਅਤੇ ਜੜ੍ਹਾਂ ਤੋਂ ਫੁੱਟੀਆਂ ਹੋਈਆਂ ਸ਼ਾਖਾਂ ਤੋਂ ਤਿਆਰ ਕੀਤੇ ਜਾਂਦੇ ਹਨ। ਪਨੀਰੀ ਤਿਆਰ ਕਰਨ ਲਈ ਫਰਵਰੀ ਜਾਂ ਬਰਸਾਤ ਰੁੱਤ ਬਿਲਕੁਲ ਢੁੱਕਵੀਂ ਹੁੰਦੀ ਹੈ। ਚੰਗੇ ਜਲ ਨਿਕਾਸ ਵਾਲੀਆਂ ਜ਼ਮੀਨਾਂ ਵਿੱਚ ਤਿਆਰ ਪਨੀਰੀ ਲਗਭਗ 9-10 ਮਹੀਨਿਆਂ ਵਿੱਚ ਤਿਆਰ ਹੋ ਕੇ ਢੁੱਕਵੇਂ ਸਥਾਨਾਂ 'ਤੇ ਲਾਉਣ ਯੋਗ ਹੋ ਜਾਂਦੀ ਹੈ। ਟਾਹਲੀ ਰੇਤਲੀ ਮੈਰਾ ਜ਼ਮੀਨਾਂ ਨੂੰ ਵੱਧ ਪਸੰਦ ਕਰਦੀ ਹੈ, ਜਿਥੇ ਜੜ੍ਹਾਂ ਆਸਾਨੀ ਨਾਲ ਹੇਠਾਂ ਵੱਲ ਨੂੰ ਜਾ ਸਕਦੀਆਂ ਹਨ। ਰੁੱਖ ਲਾਉਣ ਵੇਲੇ ਤੋਂ ਲੈ ਕੇ ਤਕਰੀਬਨ 2-3 ਸਾਲਾਂ ਤੱਕ ਪਾਣੀ ਦੇਣ ਦੀ ਲੋੜ ਪੈਂਦੀ ਹੈ, ਉਸ ਤੋਂ ਬਾਅਦ ਰੁੱਖ ਆਪਣੇ ਆਪ ਪਾਣੀ ਦੀ ਪੂਰਤੀ ਕਰਨ ਦੇ ਯੋਗ ਹੋ ਜਾਂਦਾ ਹੈ। ਟਾਹਲੀ ਹਵਾ ਵਿੱਚੋਂ ਨਾਈਟਰੋਜਨ ਲੈਂਦੀ ਹੋਣ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਦੇ ਨਾਲ ਸੋਕੇ ਦੇ ਦਿਨਾਂ ਵਿੱਚ ਪਸ਼ੂਆਂ ਦੇ ਚਾਰੇ ਵਜੋਂ ਵੀ ਕੰਮ ਵਿੱਚ ਲਿਆਂਦੀ ਜਾਂਦੀ ਹੈ।

ਟਾਹਲੀ ਦੀ ਲੱਕੜ ਦਾ ਗੁਣਾਂ ਵਜੋਂ ਕੋਈ ਜਵਾਬ ਨਹੀਂ ਹੈ ਤੇ ਸਮੁੱਚੇ ਭਾਰਤ ਵਿੱਚ ਮਿਲਣ ਵਾਲੀਆਂ ਅਤਿਅੰਤ ਮਜ਼ਬੂਤ ਅਤੇ ਉਪਯੋਗੀ ਲੱਕੜਾਂ ਵਿੱਚੋਂ ਇਕ ਹੈ। ਪੁਰਾਣੀ ਟਾਹਲੀ ਦੀ ਲੱਕੜ ਵਿਚਕਾਰੋਂ ਕਿਰਮਚੀ ਲਾਲ ਜਾਂ ਕਾਲੀ ਲਾਲ ਭਾਅ ਮਾਰਦੀ ਹੈ, ਜੋ ਇਮਾਰਤਸਾਜ਼ੀ ਲਈ ਬਹੁਤ ਅਹਿਮ ਲੱਕੜ ਮੰਨੀ ਜਾਂਦੀ ਹੈ। ਵੈਸੇ ਟਾਹਲੀ ਦੇ ਪਾਵੇ ਤੋਂ ਲੈ ਕੇ ਛੋਟੇ ਮੋਟੇ ਖੇਤੀ ਸੰਦ, ਫਰਨੀਚਰ, ਗੱਡੇ, ਕਹੀਆਂ, ਤੰਗਲੀਆਂ ਆਦਿ ਦੇ ਦਸਤੇ ਤੋਂ ਲੈ ਕੇ ਵੱਡੇ-ਵੱਡੇ ਘਰਾਂ ਵਿੱਚ ਖੂਬ ਵਰਤੀ ਜਾਂਦੀ ਹੈ, ਜਿਸ ਦੀ ਵਰਤੋਂ ਝਲਕਾਰਾਂ ਲੋਕਗੀਤਾਂ ਰਾਹੀਂ ਵੀ ਬਿਆਨ ਹੁੰਦਾ ਹੈ:

ਸਾਡੇ ਪਿੰਡ ਦੇ ਮੁੰਡੇ ਵੇਖ ਲਓ
ਜਿਉਂ ਟਾਹਲੀ ਦੇ ਪਾਵੇ,
ਕੰਨੀਦਾਰ ਮੁੰਡੇ ਬੰਨ੍ਹਦੇ ਚਾਦਰੇ
ਪਿੰਜਣੀ ਨਾਲ ਛੁਹਾਵੇ।

ਟਾਹਲੀ ਦੇ ਰੁੱਖ ਸਿਰਫ ਲੱਕੜ ਕਰਕੇ ਹੀ ਗੁਣਕਾਰੀ ਨਹੀਂ, ਇਸ ਦੇ ਵੈਦਿਕ ਗੁਣਾਂ ਕਰ ਕੇ ਵੀ ਹਨ। ਇਸ ਰੁੱਖ ਤੋਂ ਨਿਕਲਣ ਵਾਲੇ ਤੇਲ ਚਮੜੀ ਰੋਗ, ਪੱਤੇ ਔਰਤਾਂ ਦੀ ਛਾਤੀ ਅਤੇ ਮਾਸਿਕ ਧਰਮ ਰੋਗਾਂ ਦੇ ਇਲਾਜ ਲਈ ਵਰਤੇ ਜਾਂਦੇ ਹਨ। ਇਸ ਤੇਲ ਨੂੰ ਮਰਦਾਂ ਵਿੱਚ ਵੀਰਜ ਵਰਧਕ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਰਿਹਾ ਹੈ। ਟਾਹਲੀ ਦੀਆਂ ਕੋਮਲ ਟਾਹਣੀਆਂ ਮਨੁੱਖੀ ਦੰਦਾਂ ਦੀਆਂ ਬਿਮਾਰੀਆਂ ਅਤੇ ਇਸ ਦੇ ਪੱਤਿਆਂ ਦਾ ਕਾੜ੍ਹਾ ਮੂਤਰ ਰੋਗ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਟਾਹਲੀ ਦਾ ਰੁੱਖ ਲੱਕੜ ਖਾਤਰ ਤਕਰੀਬਨ 40-50 ਸਾਲ ਵਿੱਚ ਤਿਆਰ ਹੋ ਜਾਂਦਾ ਹੈ। ਲੱਕੜ ਨੂੰ ਕੱਟਣ ਉਪਰੰਤ ਟੇਢੀ ਹੋਣ ਤੋਂ ਬਚਾਉਣ ਲਈ ਅੰਦਾਜ਼ਨ ਛੇ ਮਹੀਨੇ ਤੱਕ ਛਾਂ ਵਿੱਚ ਹਵਾ ਨਾਲ ਸੁਕਾਇਆ ਜਾਂਦਾ ਹੈ। ਵੈਸੇ ਅੱਜ ਕੱਲ੍ਹ ਲੱਕੜ ਨੂੰ ਭੱਠੀਆਂ ਵਿੱਚ ਵੀ ਸੁਕਾਇਆ ਜਾਂਦਾ ਹੈ, ਜਿਸ ਤਹਿਤ ਸਿਰਫ ਦੋ ਕੁ ਹਫਤਿਆਂ ਦਾ ਸਮਾਂ ਲੱਗਦਾ ਹੈ। ਟਾਹਲੀ ਦਾ ਗੁਣਕਾਰੀ ਰੁੱਖ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਅਨੇਕਾਂ ਤਰੀਕਿਆਂ ਰਾਹੀਂ ਲਾਭਕਾਰੀ ਹੋ ਨਿਬੜਦਾ ਹੈ।

# ਲੋਪ ਹੋ ਰਿਹਾ ਪਿੱਪਲਾਂ ਬਰੋਟਿਆਂ ਦਾ ਸੱਭਿਆਚਾਰ

-ਜਸਵੰਤ ਸਿੰਘ ਜੱਸੜ

ਪੁਰਾਤਨ ਸਮਿਆਂ ਵਿੱਚ ਆਮ ਤੌਰ 'ਤੇ ਪਿੱਪਲ/ ਬਰੋਟੇ ਹਰ ਪਿੰਡ ਦੇ ਦਰਵਾਜ਼ੇ ਦਾ ਸ਼ਿੰਗਾਰ ਹੁੰਦੇ ਸਨ। ਇਹ ਪਿੰਡ ਦੀ ਆਨ ਸ਼ਾਨ ਅਤੇ ਹਰ ਦੁੱਖ ਸੁੱਖ ਦੇ ਪ੍ਰਤੀਕ ਮੰਨੇ ਜਾਂਦੇ ਸਨ। ਇਨ੍ਹਾਂ ਦੇ ਆਲੇ ਦੁਆਲੇ ਇੱਟਾਂ ਦਾ ਪਕਾ ਥੜ੍ਹਾ ਬਣਾਇਆ ਹੁੰਦਾ ਸੀ, ਜਿਸ ਨੂੰ ਆਮ ਤੌਰ 'ਤੇ ਚੌਂਤਰਾ ਕਿਹਾ ਜਾਂਦਾ। ਇਹ ਚੌਂਤਰਾ ਵੇਲੇ ਕੁਵੇਲੇ ਸਟੇਜ ਦਾ ਕੰਮ ਵੀ ਦਿੰਦਾ ਸੀ। ਇਸ ਉਤੇ ਬੈਠ ਕੇ ਵਿਹਲੇ ਬਜ਼ੁਰਗ ਤਾਸ਼ ਜਾਂ ਪਾਸਾ ਖੇਡਦੇ ਸਨ। ਬੱਚੇ ਇਨ੍ਹਾਂ ਉਪਰ ਚੜ੍ਹ ਕੇ ਖੇਡਾਂ ਖੇਡਦੇ, ਕੁੜੀਆਂ ਸਾਉਣ ਦੇ ਮਹੀਨੇ ਇਨ੍ਹਾਂ ਟਾਹਣਿਆਂ ਉਪਰ ਰੱਸੇ ਬੰਨ੍ਹ ਕੇ ਪੀਂਘਾਂ ਝੂਟਦੀਆਂ। ਤੀਆਂ ਦਾ ਤਿਉਹਾਰ ਵੀ ਇਨ੍ਹਾਂ ਥੱਲੇ ਮਨਾਇਆ ਜਾਂਦਾ। ਗਿੱਧੇ ਤੇ ਬੋਲੀਆਂ ਪਾ ਕੇ ਖੁਸ਼ੀ ਮਨਾਈ ਜਾਂਦੀ ਤੇ ਇਹ ਟੱਪਾ ਜ਼ਰੂਰ ਗਾਇਆ ਜਾਂਦਾ:

ਸਾਉਣ ਵੀਰ ਇਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜਾ ਪਾਵੇ

ਭਾਵ ਪਿੱਪਲ/ ਬਰੋਟੇ ਪਿੰਡਾਂ ਦੀ ਰੌਣਕ ਮੰਨੇ ਜਾਂਦੇ ਸਨ। ਹਰ ਪਿੰਡ ਵਿੱਚ ਟੋਭਿਆਂ, ਮੰਦਰਾਂ, ਗੁਰਦੁਆਰਿਆਂ ਜਾਂ ਸ਼ਾਮਲਾਟ ਥਾਵਾਂ ਉਤੇ ਪਿੱਪਲ/ ਬਰੋਟੇ ਆਮ ਹੁੰਦੇ ਸਨ। ਇਨ੍ਹਾਂ ਹੇਠਾਂ ਗਰਮੀ ਵਿੱਚ ਪਿੰਡ ਦਾ ਵੱਗ (ਗਾਵਾਂ ਮੱਝਾਂ) ਅਤੇ ਭੇਡਾਂ ਬੱਕਰੀਆਂ ਦੇ ਇੱਜੜ ਧੁੱਪ ਤੋਂ ਬਚਣ ਲਈ ਬਿਠਾਏ ਜਾਂਦੇ। ਇਨ੍ਹਾਂ ਦੇ ਟਾਹਣਿਆਂ ਉਪਰ ਮੋਰ ਬੈਠ ਕੇ ਪੈਲਾਂ ਪਾਉਂਦੇ, ਪੰਛੀ ਕਲੋਲਾਂ ਕਰਦੇ ਤੇ ਕੋਇਲ ਦਾ ਕੂਕਣਾ ਤੇ ਚਿੜੀਆਂ ਦਾ ਚੂੰ-ਚੂੰ ਕਰਨਾ ਬੜਾ ਮਿੱਠਾ ਤੇ ਪਿਆਰਾ ਲੱਗਦਾ ਸੀ। ਘੁੱਗੀਆਂ ਦੀ ਘੂੰ-ਘੂੰ ਦਾ ਅਰਥ ਹਰ ਮਨੁੱਖ ਆਪਣੀ ਮਰਜ਼ੀ ਅਨੁਸਾਰ ਕੱਢਦਾ। ਇਸ ਤਰ੍ਹਾਂ ਪਿੱਪਲ/ ਬਰੋਟਿਆਂ ਦੇ ਚਿਹਰਿਆਂ 'ਤੇ ਰੌਣਕ ਤੇ ਖੁਸ਼ੀ ਹੁੰਦੀ। ਥੋੜ੍ਹੀ ਜਿਹੀ ਹਵਾ ਨਾਲ ਇਨ੍ਹਾਂ ਦੇ ਪੱਤੇ ਖੜ-ਖੜ ਕਰਨ ਲੱਗ ਪੈਂਦੇ।

ਪਿੱਪਲ ਦਿਆ ਪੱਤਿਆ ਵੇ, ਕਿਉਂ ਖੜ-ਖੜ ਲਾਈ ਐ
ਪੱਤ ਝੜੇ ਪੁਰਾਣੇ ਵੇ, ਰੁੱਤ ਨਵਿਆਂ ਦੀ ਆਈ ਐ।

ਪਿੱਪਲ ਦਾ ਦਰੱਖਤ ਅਜਿਹਾ ਹੈ ਕਿ ਮਨੁੱਖ ਦੀਆਂ ਲੋੜਾਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦਾ ਹੈ। ਸਰਦੀਆਂ ਵਿੱਚ ਧੁੱਪ ਦੇਣ ਲਈ ਇਸ ਦੇ ਸਾਰੇ ਪੱਤੇ ਝੜ ਜਾਂਦੇ ਹਨ ਤੇ ਗਰਮੀਆਂ ਵਿੱਚ ਠੰਢੀ ਤੇ ਸੰਘਣੀ ਛਾਂ ਦੇਣ ਲਈ ਹਰੇ ਕਚੂਰ ਪੱਤੇ ਨਿਕਲ ਆਉਂਦੇ ਹਨ। ਪਿੱਪਲਾਂ/ਬੋਹੜਾਂ ਥੱਲੇ ਗਾਉਣ ਵਜਾਉਣ ਦੇ ਅਖਾੜੇ ਲੱਗਦੇ ਸਨ, ਜਿਥੇ ਬੈਠੇ ਪਿੰਡ ਦੇ ਲੋਕ ਇਨ੍ਹਾਂ ਦਾ ਆਨੰਦ ਮਾਣਦੇ ਤੇ ਮਨ ਪ੍ਰਚਾਵੇ ਕਰਦੇ। ਮਿਰਜ਼ਾ-ਸਾਹਿਬਾ, ਹੀਰ-ਰਾਂਝਾ, ਸੱਸੀ-ਪੁਨੂੰ, ਪੂਰਨ ਭਗਤ ਆਦਿ ਪੁਰਾਣੇ ਕਿੱਸਿਆਂ ਦੀਆਂ ਕਹਾਣੀਆਂ ਨੂੰ ਸੁਣਿਆ ਜਾਂਦਾ। ਇਸ ਤਰ੍ਹਾਂ ਲੋਕੀਂ ਪੁਰਾਣੇ ਪੇਂਡੂ ਸੱਭਿਆਚਾਰ ਨਾਲ ਜੁੜੇ ਰਹਿੰਦੇ। ਜੱਗੇ ਸੂਰਮੇ ਦੀ ਮੌਤ ਬਾਰੇ ਆਮ ਕਿਹਾ ਜਾਂਦਾ ਸੀ:



ਜੱਗਾ ਮਾਰਿਆ ਬੋਹੜ ਦੀ ਛਾਂਵੇ,
ਨੌਂ ਮਣ ਪੱਕੀ ਰੇਤ ਭਿੱਜ ਗਈ।

ਜੱਗੇ ਦੀ ਮੌਤ ਬਾਰੇ ਜਦੋਂ ਜੱਗੇ ਦੀ ਮਾਂ ਨੂੰ ਪਤਾ ਲੱਗਦਾ ਹੈ ਤਾਂ ਉਚੀ-ਉਤੀ ਕੀਰਨੇ ਪਾਉਂਦੀ ਹੈ:

ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ
ਡੱਬੀ 'ਚ ਪਾ ਰੱਖਦੀ

ਪਰ ਹੁਣ ਸਮਾਂ ਬਦਲਣ ਨਾਲ ਪਿੱਪਲ/ ਬਰੋਟੇ ਪਿੰਡਾਂ 'ਚੋਂ ਗਾਇਬ ਹੋ ਗਏ ਹਨ। ਜੇ ਕਿਸੇ ਪਿੰਡ ਵਿੱਚ ਖੜੇ ਹਨ ਤਾਂ ਉਨ੍ਹਾਂ ਦੇ ਚਿਹਰਿਆਂ 'ਤੇ ਰੌਣਕ ਜਾਂ ਖੁਸ਼ੀ ਨਹੀਂ ਦਿਸਦੀ। ਹੁਣ ਉਹ ਉਦਾਸ ਤੇ ਮਾਯੂਸ ਨਜ਼ਰ ਆਉਂਦੇ ਹਨ। ਅੱਗੇ ਵਾਂਗੂ ਹੁਣ ਇਨ੍ਹਾਂ ਥੱਲੇ ਮਹਿਫਲਾਂ ਨਹੀਂ ਜੁੜਦੀਆਂ। ਲੋਕਾਂ ਦੀਆਂ ਰੌਣਕਾਂ ਨਹੀਂ ਲੱਗਦੀਆਂ, ਕਿਉਂਕਿ ਹੁਣ ਲੋਕਾਂ ਕੋਲ ਵਿਹਲ ਹੀ ਨਹੀਂ। ਬਿਜਲੀ ਤੇ ਟੈਲੀਵੀਜ਼ਨ ਹਰ ਘਰ ਵਿੱਚ ਹੋਣ ਕਰਕੇ ਆਪਣਾ ਵਿਹਲਾ ਸਮਾਂ ਘਰਾਂ ਵਿੱਚ ਗੁਜ਼ਾਰਦੇ ਹਨ। ਬੱਚਿਆਂ ਦੀ ਪੜ੍ਹਾਈ ਔਖੀ ਤੇ ਸਿਲੇਬਸ ਵੱਡੇ ਹੋਣ ਕਰਕੇ ਟਿਊਸ਼ਨਾਂ ਖਤਮ ਨਹੀਂ ਹੁੰਦੀਆਂ। ਤੀਆਂ ਦੇ ਰਿਵਾਜ ਹੀ ਖਤਮ ਹੋ ਰਹੇ ਹਨ। ਲੜਕੀਆਂ ਨੂੰ ਹੁਣ ਪੜ੍ਹਨ ਲਿਖਣ ਲਈ ਦੂਰ ਦੁਰਾਡੇ ਕਾਲਜਾਂ ਵਿੱਚ ਜਾਣਾ ਪੈਂਦਾ ਹੈ। ਉਥੇ ਹੋਸਟਲਾਂ ਵਿੱਚ ਰਹਿਣ ਕਰਕੇ ਪਿੱਪਲ/ਬਰੋਟਿਆਂ ਨਾਲ ਸਬੰਧ ਹੀ ਟੁੱਟ ਗਿਆ ਹੈ।

ਪੰਛੀਆਂ ਦੀ ਹੋਂਦ ਹੀ ਹੌਲੀ-ਹੌਲੀ ਖਤਮ ਹੋ ਗਈ ਹੈ। ਕੋਇਲਾਂ ਦਾ ਕੂਕਣਾਂ, ਮੋਰਾਂ ਦਾ ਪੈਲ ਪਾਉਣਾ, ਚਿੜੀਆਂ ਦਾ ਆਲ੍ਹਣੇ ਬਣਾਉਣਾ ਅਤੇ ਘੁੱਗੀਆਂ ਦੀ ਘੂੰ-ਘੂੰ ਬੀਤੇ ਸਮੇਂ ਦੀਆਂ ਗੱਲਾਂ ਲੱਗਦੀਆਂ ਹਨ ਕਿਉਂਕਿ ਪਿੰਡਾਂ ਵਿੱਚ ਪਿੱਪਲ/ ਬਰੋਟੇ ਵੱਢਣ ਕਰਕੇ ਤੇ ਟੈਲੀਫੋਨ ਕੰਪਨੀਆਂ ਦੇ ਟਾਵਰਾਂ ਕਰਕੇ ਪੰਛੀਆਂ ਦੀ ਹੋਂਦ ਖਤਰੇ ਵਿੱਚ ਹੋ ਗਈ ਹੈ। ਇਸ ਲਈ ਜੋ ਕਦੇ ਦਰਵਾਜ਼ੇ ਦੇ ਮੂਹਰੇ ਪਿੱਪਲ/ ਬਰੋਟੇ ਪਿੰਡ ਦਾ ਧੁਰਾ ਮੰਨੇ ਜਾਂਦੇ ਸਨ ਤੇ ਹਰ ਸਰਗਰਮੀ ਦੇ ਭਾਈਵਾਲ ਹੁੰਦੇ ਸਨ। ਸਾਰੇ ਪਿੰਡਾਂ ਦਾ ਨਰੋਆ ਤੇ ਸਿਹਤਮੰਦ ਸੱਭਿਆਚਾਰ ਹੁੰਦੇ ਸਨ। ਹੁਣ ਉਥੇ ਵਿਰਾਨੀ ਛਾਈ ਰਹਿੰਦੀ ਹੈ। ਇਸ ਤਰ੍ਹਾਂ ਪਿੰਡਾਂ ਵਿੱਚ ਪਿੱਪਲ/ਬਰੋਟਿਆਂ ਦਾ ਪੇਂਡੂ ਸੱਭਿਆਚਾਰ ਹੌਲੀ-ਹੌਲੀ ਅਲੋਪ ਹੋ ਗਿਆ।

# ਜਨਮ ਭੂਮੀ ਦੇ ਵਿਛੋੜੇ ਦਾ ਦੁੱਖ

-ਹਰਬੰਸ ਕੌਰ ਗਹਿਲ

ਮੇਰਾ ਦਾਦਕਾ ਪਰਵਾਰ '47 ਦੀ ਵੰਡ ਸਮੇਂ ਬਾਰ ਵਿੱਚੋਂ ਉਜੜ ਕੇ ਆਇਆ ਤੇ ਰਾਏਕੋਟ ਦੇ ਕੱਚੇ ਕਿਲ੍ਹੇ ਵਿੱਚ ਰੈਣ ਬਸੇਰਾ ਬਣਾ ਲਿਆ। ਮੇਰੇ ਪਿਤਾ ਜੀ ਉਸ ਸਮੇਂ 13-14 ਸਾਲਾਂ ਦੇ ਸਨ। ਉਹ ਪੰਜ ਭੈਣ ਭਰਾ ਸਨ। ਮਾਲਕ ਦਾ ਸ਼ੁਕਰ ਕਿ ਉਹ ਬਿਨਾ ਕਿਸੇ ਜਾਨੀ ਨੁਕਸਾਨ ਦੇ ਰਾਏਕੋਟ ਪਹੁੰਚ ਗਏ। ਸਰੀਰਕ ਤੌਰ ਉੱਤੇ ਉਹ ਬੇਸ਼ੱਕ ਸਾਰੇ ਸਹੀ ਸਲਾਮਤ ਪੂਰਬੀ ਪੰਜਾਬ ਆ ਗਏ ਸਨ, ਪਰ ਆਤਮਾ ਜਿਵੇਂ ਉਹ ਬਾਰ ਵਿੱਚ ਛੱਡ ਆਏ ਹੋਣ।

ਪਿਤਾ ਅਕਸਰ ਹੀ ਸਾਡੇ ਨਾਲ ਉਥੋਂ ਦੀਆਂ ਗੱਲਾਂ ਕਰਦੇ ਰਹਿੰਦੇ ਸਨ। ਉਹ ਦੱਸਿਆ ਕਰਦੇ ਸਨ ਕਿ ਉਨ੍ਹਾਂ ਦਾ ਪਿੰਡ ਚੱਕ ਬੂੜ ਸਿੰਘ ਸੀ। ਜਦੋਂ ਵੰਡ ਦਾ ਰੌਲਾ ਪਿਆ ਤਾਂ ਸਾਡੀ ਦਾਦੀ ਨੇ ਘਰ ਦਾ ਸਾਰਾ ਸਾਮਾਨ ਸੰਭਾਲ ਕੇ ਘਰ ਦੇ ਅੰਦਰ ਟਿਕਾ ਦਿੱਤਾ ਸੀ। ਆਸ ਸੀ ਕਿ ਦੋ ਚਾਰ ਮਹੀਨੇ ਨੂੰ ਜਦੋਂ ਟਿਕ ਟਕਾਅ ਹੋ ਜਾਵੇਗਾ ਤਾਂ ਵਾਪਸ ਆ ਜਾਣਗੇ, ਪਰ ਸ਼ਾਇਦ ਕਿਸਮਤ ਵਿੱਚ ਇਹ ਨਹੀਂ ਲਿਖਿਆ ਸੀ। ਮਿੱਠੀਆਂ ਰੋਟੀਆਂ ਅਤੇ ਭੁੱਜੇ ਛੋਲਿਆ ਨਾਲ ਆਪਣੇ ਬੱਚਿਆਂ ਦੀ ਭੁੱਖ ਸ਼ਾਂਤ ਕਰਦੇ ਹੋਏ, ਰਾਹ ਦੀਆਂ ਅਨੇਕ ਦੁਸ਼ਵਾਰੀਆਂ ਦਾ ਸਾਹਮਣਾ ਕਰਦੇ ਹੋਏ ਉਹ ਪੂਰਬੀ ਪੰਜਾਬ ਪੁੱਜੇ। ਵਸਦਾ ਰਸਦਾ ਪਰਵਾਰ ਪਲਾਂ ਵਿੱਚ ਸ਼ਰਨਾਰਥੀ ਹੋ ਗਿਆ ਸੀ। ਜਨਮ ਭੋਇ ਤੋਂ ਵਿਛੜਨ ਕਾਰਨ ਦਿਲ ਏਨਾ ਟੁੱਟਿਆ ਹੋਇਆ ਸੀ ਕਿ ਰਾਏਕੋਟ ਵਿੱਚ ਵੀ ਖਾਲੀ ਪਏ ਵੱਡੇ-ਵੱਡੇ ਮਕਾਨਾਂ ਦੇ ਬਾਵਜੂਦ ਦਾਦਾ ਜੀ ਨੇ ਗੁਜ਼ਾਰੇ ਲਈ ਬਹੁਤ ਥੋੜ੍ਹਾ ਜਿਹਾ ਥਾਂ ਰੋਕਿਆ। ਉਨ੍ਹਾਂ ਦੇ ਬੋਲ ਸਨ, 'ਕੀ ਕਰਨਾ ਬਹੁਤਾ ਰੋਕ ਕੇ, ਬਾਰ ਵਿੱਚ ਵੀ ਤਾਂ ਛੱਡ ਆਏ ਹਾਂ।'

ਪਿਤਾ ਜੀ ਦਾ ਵਿਆਹ ਵੰਡ ਤੋਂ 6-7 ਸਾਲ ਬਾਅਦ ਇਧਰਲੇ ਪੰਜਾਬ ਵਿੱਚ ਹੋਇਆ ਸੀ। ਇਸ ਕਰਕੇ ਸਾਡਾ ਜਨਮ ਇਧਰਲੇ ਪੰਜਾਬ ਦਾ ਹੈ। ਅਸੀਂ ਉਨ੍ਹਾਂ ਦੇ ਗਮਾਂ ਦਾ ਕੀ ਥਾਹ ਪਾ ਸਕਣਾ ਸੀ।



ਜਦੋਂ ਉਹ ਉਧਰਲੇ ਪੰਜਾਬ ਦੀਆਂ ਗੱਲਾਂ ਕਰਦੇ ਤਾਂ ਸਾਡੇ ਲਈ ਉਹ ਮਾਮੂਲੀ ਗੱਲਾਂ ਨਹੀਂ ਸਨ। ਉਨ੍ਹਾਂ ਨੂੰ ਜਦੋਂ ਮੌਕਾ ਮਿਲਦਾ, ਲਾਹੌਰ, ਲਾਇਲਪੁਰ, ਉਥੋਂ ਦੇ ਮੇਲਿਆਂ, ਬਾਜ਼ਾਰਾਂ, ਫਸਲਾਂ, ਖੂਹਾਂ, ਦੋਸਤਾਂ ਦੀਆਂ ਲੰਬੀਆਂ ਗੱਲਾਂ ਕਰਦੇ। ਸਾਡੀ ਉਨ੍ਹਾਂ ਵਿੱਚ ਦਿਲਚਸਪੀ ਨਾ ਹੋਣ ਕਰਕੇ ਅਸੀਂ ਉਕਤਾ ਜਾਂਦੇ ਤੇ ਆਨੇ ਬਹਾਨੇ ਉਨ੍ਹਾਂ ਕੋਲੋਂ ਉਠ ਖੜੋਂਦੇ। ਕਈ ਵਾਰ ਸਾਡੀ ਦਿਲਚਸਪੀ ਹੋ ਜਾਣੀ।

ਅਸੀਂ ਗਰੀਬ ਪਰਵਾਰ ਨਾਲ ਸਬੰਧ ਰੱਖਦੇ ਸੀ। ਪਿਤਾ ਰਾਜਗਿਰੀ ਦਾ ਕੰਮ ਕਰਦੇ, ਗੁਜ਼ਾਰਾ ਕਰਦੇ। ਸਾਰੀ ਉਮਰ ਸਖਤ ਮਿਹਨਤ ਕੀਤੀ। ਉਨ੍ਹਾਂ ਨੇ ਇਮਾਨਦਾਰੀ ਅਤੇ ਗੁਰਸਿੱਖੀ ਦਾ ਜੀਵਨ ਬਤੀਤ ਕੀਤਾ। ਰੋਜ਼ ਸਵੇਰੇ ਉਠਣ ਸਾਰ ਗੁਰਦੁਆਰੇ ਜਾਣਾ, ਵੰਡ ਕੇ ਛਕਣਾ, ਸਾਦਾ ਜੀਵਨ ਬਤੀਤ ਕਰਨਾ, ਇਹ ਉਨ੍ਹਾਂ ਦੇ ਜੀਵਨ ਦੇ ਅਹਿਮ ਗੁਣ ਸਨ। ਉਹ ਜ਼ਿੰਦਗੀ 'ਚ ਇਕ ਵਾਰ ਜਨਮ ਭੂਮੀ ਵੇਖਣਾ ਚਾਹੁੰਦੇ ਸਨ। ਆਰਥਿਕ ਮਜਬੂਰੀ ਅਤੇ ਪਾਕਿਸਤਾਨ ਜਾਣ ਦੀਆਂ ਕਾਗਜ਼ੀ ਕਾਰਵਾਈਆਂ ਤੋਂ ਅਣਜਾਣ ਹੋਣ ਕਾਰਨ ਅਸੀਂ ਉਨ੍ਹਾਂ ਦੀ ਇਹ ਇੱਛਾ ਪੂਰੀ ਕਰਨ ਤੋਂ ਅਸਮਰੱਥ ਰਹੇ।

ਜਦੋਂ ਅਸੀਂ ਆਰਥਿਕ ਤੌਰ 'ਤੇ ਥੋੜ੍ਹਾ ਮਜ਼ਬੂਤ ਹੋਏ, ਵੀਜ਼ੇ ਵਗੈਰਾ ਬਾਰੇ ਵੀ ਜਾਣੂ ਹੋਏ, ਉਦੋਂ ਤੱਕ ਪਿਤਾ ਜੀ ਜ਼ਿਆਦਾ ਬਜ਼ੁਰਗ ਹੋ ਗਏ। ਉਨ੍ਹਾਂ ਨੂੰ ਲੈ ਕੇ ਜਾਣਾ ਮੁਸ਼ਕਲ ਹੋ ਗਿਆ। ਮੇਰਾ ਭਤੀਜਾ ਜਦੋਂ ਨੈਟ ਤੋਂ ਉਨ੍ਹਾਂ ਨੂੰ ਉਨ੍ਹਾਂ ਦਾ ਪਿੰਡ ਦਿਖਾਉਂਦਾ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਅਜੀਬ ਚਮਕ ਹੁੰਦੀ।

ਦੋ ਜਨਵਰੀ 2017 ਨੂੰ ਮੇਰੀ ਪਿਤਾ ਜੀ ਨਾਲ ਆਖਰੀ ਮਿਲਣੀ ਸੀ। ਉਸ ਦਿਨ ਵੀ ਉਨ੍ਹਾਂ ਮੇਰੇ ਨਾਲ ਬਾਰ ਦੀ ਗੱਲ ਛੋਹੀ। ਕਹਿਣ ਲੱਗੇ, ਸਭ ਕੁਝ ਬਾਰ ਵਰਗਾ ਹੀ ਹੈ। ਉਸੇ ਤਰ੍ਹਾਂ ਫਸਲਾਂ, ਉਹੋ ਜਿਹੇ ਲੋਕ। ਉਸ ਸਮੇਂ ਅਸੀਂ ਘਰ ਦੀ ਛੱਤ ਉੱਤੇ ਬੈਠੇ ਸਨ। ਸ਼ਾਇਦ ਉਹ ਉਸ ਭੂਮੀ ਦੇ ਦਰਸ਼ਨਾਂ ਦੀ ਆਸ ਮੁਕਾ ਬੈਠੇ ਸੀ ਅਤੇ ਹੁਣ ਇਥੇ ਦੇ ਆਲੇ ਦੁਆਲੇ ਨੂੰ ਉਸ ਧਰਤੀ ਨਾਲ ਜੋੜ ਕੇ ਦੇਖ ਰਹੇ ਹਨ। 20 ਕੁ ਦਿਨਾਂ ਬਾਅਦ ਉਹ ਪ੍ਰਲੋਕ ਸਿਧਾਰ ਗਏ। ਜਨਮ ਭੂਮੀ ਨੂੰ ਨਾ ਦੇਖ ਸਕਣ ਦਾ ਦਰਦ ਦਿਲ ਵਿੱਚ ਸਮੇਟੀ ਉਹ ਅਹਿਲ ਪਏ ਸਨ ਅਤੇ ਮੈਨੂੰ 20 ਦਿਨ ਪਹਿਲਾਂ ਦੀਆਂ ਗੱਲਾਂ ਯਾਦ ਆ ਰਹੀਆਂ ਸਨ।

# ਲਾਇਬਰੇਰੀ ਨਾਲ ਜੁੜੀ ਅਭੁੱਲ ਯਾਦ

-ਮਾ. ਹਰਭਿੰਦਰ ਮੁੱਲਾਂਪੁਰ

ਅੱਠ ਸਾਲ ਪਹਿਲਾਂ ਮੇਰੀ ਬਦਲੀ ਵਾਹਵਾ ਦੂਰ ਦੇ ਇਕ ਸੈਕੰਡਰੀ ਸਕੂਲ ਵਿੱਚ ਹੋ ਗਈ। ਉਸ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਦੇ ਅਨੁਪਾਤ ਮੁਕਾਬਲੇ ਕਮਰਿਆਂ ਦੀ ਗਿਣਤੀ ਵੱਧ ਸੀ। ਸਕੂਲ ਵਿੱਚ ਅਧਿਆਪਕਾਂ ਨਾਲ ਜਾਣ ਪਛਾਣ ਹੋਈ ਤਾਂ ਲਾਇਬਰੇਰੀ ਇੰਚਾਰਜ ਅਧਿਆਪਕ ਮੇਰੀਆਂ ਰੁਚੀਆਂ ਤੋਂ ਜਾਣੂ ਹੋ ਕੇ ਇਸ ਲਈ ਖੁਸ਼ ਹੋਇਆ ਕਿ ਉਹ ਲਾਇਬਰੇਰੀ ਦਾ ਵਾਧੂ ਕਾਰਜ ਭਾਰ ਮਿਲਿਆ ਹੋਣ ਕਾਰਨ ਬੇਚੈਨ ਰਹਿੰਦਾ ਸੀ। ਉਸ ਨੇ ਮੇਰੀਆਂ ਰੁਚੀਆਂ ਬਾਰੇ ਪ੍ਰਿੰਸੀਪਲ ਨੂੰ ਜਾਣਕਾਰੀ ਦਿੰਦਿਆਂ ਉਨ੍ਹਾਂ ਨੂੰ ਲਾਇਬਰੇਰੀ ਦਾ ਕੰਮ ਮੈਨੂੰ ਸੌਂਪਣ ਲਈ ਬੇਨਤੀ ਕੀਤੀ। ਪ੍ਰਿੰਸੀਪਲ ਦੀ ਸਿਫਾਰਸ਼ 'ਤੇ ਨਵੇਂ ਸੈਸ਼ਨ ਤੋਂ ਲਾਇਬਰੇਰੀ ਦਾ ਕੰਮ ਮੈਂ ਭਾਸ਼ਾ ਅਧਿਆਪਕ ਨਾ ਹੋਣ ਦੇ ਬਾਵਜੂਦ ਸਾਂਭ ਲਿਆ। ਰਿਕਾਰਡ ਦਾ ਚਾਰਜ ਲੈਣ ਵੇਲੇ ਮੈਂ ਕਿਤਾਬਾਂ ਦੀ ਗਿਣਤੀ ਵੀ ਨਾ ਕੀਤੀ।



ਲਾਇਬਰੇਰੀ ਇੰਚਾਰਜ ਬਣਨ 'ਤੇ ਮੈਨੂੰ ਚਾਅ ਚੜ੍ਹ ਗਿਆ। ਅਲਮਾਰੀਆਂ ਤੱਕ ਜਾਣ ਲਈ ਲੇਡੀਜ਼ ਸਟਾਫ ਰੂਮ ਵੱਲ ਵਾਰ-ਵਾਰ ਜਾਣਾ ਮੈਨੂੰ ਅਜੀਬ ਲੱਗਦਾ ਸੀ। ਮੈਂ ਸਭ ਤੋਂ ਪਹਿਲਾਂ ਲਾਇਬਰੇਰੀ ਨੂੰ ਅਲਮਾਰੀਆਂ ਦੀ ਓਟ ਨਾਲ ਵੱਡੇ ਵੱਖਰੇ ਹਾਲ ਵਿੱਚ ਤਬਦੀਲ ਕੀਤਾ। ਮੈਂ ਆਪ ਰੰਗਦਾਰ ਬੁਰਸ਼ ਨਾਲ ਕਮਰੇ ਦੇ ਬਾਹਰ ਲਾਇਬਰੇਰੀ ਸ਼ਬਦ ਅਤੇ ਅਧਿਆਪਕਾਂ, ਵਿਦਿਆਰਥੀਆਂ, ਕਿਤਾਬਾਂ ਤੇ ਜੀਵਨ ਜਾਚ ਦੇ ਪ੍ਰੇਰਨਾ ਦਾਇਕ ਮਾਟੋ ਆਪਣ ਮਨ ਪਸੰਦ ਲੇਖਕ ਦੀ ਕਿਤਾਬ 'ਮਾਲਾ ਮਣਕੇ' ਵਿੱਚੋਂ ਲਿਖੇ। ਵਿਦਿਆਰਥੀਆਂ ਨੇ ਇਸ ਵਿੱਚ ਮੇਰਾ ਪੂਰਾ ਸਾਥ ਦਿੱਤਾ। ਮੈਂ ਅਲਮਾਰੀਆਂ ਵਿੱਚ ਕਈ ਸਾਲਾਂ ਤੋਂ ਬੰਦ ਪਾਈਆਂ ਸਾਰੀਆਂ ਕਿਤਾਬਾਂ ਨੂੰ ਕੱਢ ਕੇ ਸਕੂਲ ਦੇ ਖੁੱਲ੍ਹੇ ਵਿਹੜੇ ਵਿੱਚ ਧੁੱਪ ਲਵਾਈ। ਜਿਹੜੀਆਂ ਕਿਤਾਬਾਂ ਨੂੰ ਸਿਉਂਕ ਲੱਗ ਚੁੱਕੀ ਸੀ, ਉਨ੍ਹਾਂ ਨੂੰ ਰਿਕਾਰਡ ਵਿੱਚੋਂ ਖਾਰਜ ਕਰਵਾਇਆ। ਰਜਿਸਟਰ ਨੂੰ ਵਧੀਆ ਅਤੇ ਆਪਣੇ ਢੰਗ ਨਾਲ ਤਿਆਰ ਕੀਤਾ ਅਤੇ ਕਿਤਾਬਾਂ ਨੂੰ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਅਤੇ ਵਿਸ਼ਿਆਂ ਦੇ ਅਨੁਰੂਪ ਵੱਖੋ-ਵੱਖਰੀਆਂ ਅਲਮਾਰੀਆਂ ਵਿੱਚ ਸਲੀਕੇ ਨਾਲ ਟਿਕਾਇਆ। ਮੈਂ ਅਲਮਾਰੀਆਂ ਨੂੰ ਜਿੰਦਰਾ ਲਾਉਣ ਦੀ ਪ੍ਰਵਿਰਤੀ ਬੰਦ ਕਰ ਦਿੱਤੀ ਅਤੇ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਗਿਆਨ ਸ਼ਕਤੀ ਅਤੇ ਮਹੱਤਤਾ ਪ੍ਰਤੀ ਇੰਨਾ ਪ੍ਰੇਰਿਤ ਕੀਤਾ ਕਿ ਉਹ ਕਿਤਾਬਾਂ ਦੀ ਚੋਰੀ ਹੀ ਨਾ ਕਰ ਸਕਣ।

ਮੈਂ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਵੰਡ ਖਾਨਾਪੂਰਤੀ ਲਈ ਨਹੀਂ ਕਰਨਾ ਚਾਹੁੰਦਾ ਸੀ, ਇਸ ਲਈ ਸਮੇਂ-ਸਮੇਂ 'ਤੇ ਉਨ੍ਹਾਂ ਨੂੰ ਪੰਜਾਬੀ ਦੇ ਅਖਬਾਰਾਂ ਵਿੱਚ ਛਪਦੇ ਬੱਚਿਆਂ ਦੇ ਕਾਲਮਾਂ ਨਾਲ ਜਾਣ ਪਛਾਣ ਕਰਾਉਂਦਾ ਰਹਿੰਦਾ ਸੀ। ਲਾਇਬਰੇਰੀ ਦੇ ਇਕ ਖੂੰਜੇ ਵਿੱਚ ਮੈਂ ਵਿਦਿਆਰਥੀਆਂ ਵਾਸਤੇ ਛੋਟਾ ਮੇਜ਼ ਰਖਵਾ ਕੇ ਕਹਾਣੀਆਂ, ਗੀਤਾਂ, ਚੁਟਕਲਿਆਂ, ਸਾਖੀਆਂ ਤੇ ਵਰਣਮਾਲਾ ਦੇ ਰਸਾਲੇ ਸ਼ਿੰਗਾਰ ਦਿੱਤੇ। ਵਿਦਿਆਰਥੀਆਂ ਨੂੰ ਤਾਕੀਦ ਕੀਤੀ ਕਿ ਉਹ ਇਮਾਨਦਾਰੀ ਨਾਲ ਮੈਨੂੰ ਸਬੰਧਤ ਕਿਤਾਬ ਲਿਜਾਣ ਬਾਰੇ ਜ਼ਰੂਰ ਦੱਸਣਗੇ। ਹੁਸ਼ਿਆਰ ਤੇ ਸਾਹਿਤਕ ਰੁਚੀਆਂ ਵਾਲੇ ਦੋ ਵਿਦਿਆਰਥੀਆਂ ਨੂੰ ਸਹਾਇਤਾ ਵਾਸਤੇ ਆਪਣੇ ਸਹਾਇਕ ਬਣਾ ਲਿਆ। ਸਟਾਫ ਮੈਂਬਰ ਮੇਰੀਆਂ ਗਤੀਵਿਧੀਆਂ ਵੇਖ ਕੇ ਖੂਬ ਮੁਸਕਰਾਉਂਦੇ ਤੇ ਕਦੇ-ਕਦੇ ਟਿੱਚਰ ਵੀ ਕਰ ਦਿੰਦੇ, ਪਰ ਮੈਂ ਆਪਣਾ ਇਹ ਕੰਮ ਜਾਰੀ ਰੱਖਿਆ। ਇਹ ਜਾਣਨ ਲਈ ਕਿ ਕਿੰਨੇ ਕੁ ਵਿਦਿਆਰਥੀ ਲਾਇਬਰੇਰੀ ਦੀਆਂ ਕਿਤਾਬਾਂ ਪੜ੍ਹਦੇ ਹਨ, ਮੈਂ ਆਪਣੇ ਪੀਰੀਅਡ ਦੌਰਾਨ ਉਸ ਵਿਦਿਆਰਥੀ, ਜਿਸ ਨੇ ਲਾਇਬਰੇਰੀ ਵਿੱਚੋਂ ਕਿਤਾਬ ਜਾਰੀ ਕਰਾਈ ਹੋਵੇ, ਉਸ ਵਿੱਚੋਂ ਕੋਈ ਨਾ ਕੋਈ ਕਹਾਣੀ, ਗੀਤ, ਚੁਟਕਲਾ ਸੁਣਨਾ ਸ਼ੁਰੂ ਕਰ ਦਿੱਤਾ। ਇਸ ਦੇ ਨਤੀਜੇ ਵਜੋਂ ਵਿਦਿਆਰਥੀਆਂ ਵਿੱਚ ਕਿਤਾਬਾਂ ਪੜ੍ਹਨ ਦੀ ਰੁਚੀ ਬਣਨ ਲੱਗੀ। ਮੈਂ ਚਾਹੁੰਦਾ ਸੀ ਕਿ ਅਗਲੇ ਪੜਾਅ ਵਿੱਚ ਇਨ੍ਹਾਂ ਵਿਦਿਆਰਥੀਆਂ ਦੇ ਰੂਬਰੂ ਕਿਸੇ ਬਾਲ ਕਵੀ, ਸਾਹਿਤਕਾਰ ਨੂੰ ਕਰਵਾਇਆ ਜਾਵੇ। ਇਸ ਸਬੰਧੀ ਸਕੂਲ ਮੁਖੀ ਨਾਲ ਗੱਲ ਸਾਂਝੀ ਕੀਤੀ ਤਾਂ ਉਸ ਨੇ ਅਧਿਆਪਕਾਂ ਉਪਰ ਪਹਿਲਾਂ ਹੀ ਵਿਭਾਗ ਵੱਲੋਂ ਪਾਏ ਵੱਖ-ਵੱਖ ਕੰਮਾਂ ਦੇ ਬੋਝ ਦੀ ਦਲੀਲ ਦਿੰਦਿਆਂ ਹਾਂ ਪੱਖੀ ਹੁੰਗਾਰਾ ਨਾ ਭਰਿਆ। ਮੈਂ ਨਿਰਾਸ਼ ਨਾ ਹੋਇਆ ਤੇ ਵਿਦਿਆਰਥੀਆਂ ਦੀਆਂ ਲਾਇਬਰੇਰੀ ਨਾਲ ਜੁੜੀਆਂ ਗਤੀਵਿਧੀਆਂ ਇਸੇ ਪ੍ਰਕਾਰ ਚੱਲਦੀਆਂ ਰਹੀਆਂ।

ਘਰ ਤੋਂ ਸਕੂਲ ਦਾ ਫਾਸਲਾ ਚੋਖਾ ਹੋਣ ਕਾਰਨ ਮੇਰੀ ਬਦਲੀ ਕਿਸੇ ਹੋਰ ਸਕੂਲ ਹੋ ਗਈ। ਕੋਈ ਅਧਿਆਪਕ ਮੇਰੇ ਕੋਲੋਂ ਲਾਇਬਰੇਰੀ ਚਾਰਜ ਲੈਣ ਦੀ ਹਾਮੀ ਨਹੀਂ ਸੀ ਭਰ ਰਿਹਾ। ਉਨ੍ਹਾਂ ਨੂੰ ਬਿਨਾਂ ਜਿੰਦਰਿਆਂ ਤੋਂ ਅਲਮਾਰੀਆਂ ਵਿੱਚ ਪਈਆਂ ਕਿਤਾਬਾਂ ਦੀ ਗਿਣਤੀ ਘਟਣ ਦਾ ਤੌਖਲਾ ਸੀ। ਅੰਤ ਇਕ ਅਧਿਆਪਕਾ ਨੇ ਲਾਇਬਰੇਰੀ ਦਾ ਚਾਰਜ ਲੈਣ ਤੋਂ ਪਹਿਲਾਂ ਵੱਡੀ ਗਿਣਤੀ ਵਿੱਚ ਪਈਆਂ ਕਿਤਾਬਾਂ ਦੀ ਗਿਣਤੀ ਪੂਰਾ ਇਕ ਹਫਤਾ ਲਾ ਕੇ ਕੀਤੀ। ਗਿਣਤੀ ਵਿੱਚ ਕੋਈ ਖਾਸ ਫਰਕ ਨਾ ਪਿਆ। ਕੋਈ ਮਹਿੰਗੀ ਕਿਤਾਬ ਗੁੰਮ ਜਾਂ ਚੋਰੀ ਨਾ ਹੋਈ। ਜਿਹੜੀਆਂ ਕੁਝ ਕਿਤਾਬਾਂ ਜਾਂ ਰਸਾਲੇ ਗੁੰਮ ਹੋਏ, ਉਨ੍ਹਾਂ ਦੀ ਕੀਮਤ ਪੰਜ ਸੌ ਰੁਪਏ ਤੋਂ ਵੱਧ ਨਹੀਂ ਸੀ। ਵਿਦਿਆਰਥੀਆਂ ਵਿੱਚ ਲਾਇਬਰੇਰੀ ਦੀਆਂ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਹੋਣ ਦੀ ਮੈਨੂੰ ਬਹੁਤ ਖੁਸ਼ੀ ਸੀ। ਮੈਨੂੰ ਪੰਜ ਸੌ ਰੁਪਏ ਆਪਣੇ ਖੁਸ਼ੀ ਦੇ ਮੁਕਾਬਲੇ ਨਿਰਮੂਲ ਜਾਪੇ ਜੋ ਮੈਂ ਸਕੂਲ ਫੰਡ ਵਿੱਚ ਜਮ੍ਹਾਂ ਕਰਾ ਦਿੱਤੇ। ਹੁਣ ਮੈਂ ਜਦੋਂ ਕਦੇ ਉਸ ਸਕੂਲ ਜਾਂਦਾ ਹਾਂ ਤਾਂ ਲਾਇਬਰੇਰੀ ਦੀਆਂ ਕੰਧਾਂ ਤੇ ਅਲਮਾਰੀਆਂ ਉਪਰ ਵਿਦਿਆਰਥੀਆਂ ਦੇ ਸਹਿਯੋਗ ਨਾਲ ਲਿਖੇ ਮਾਟੋ ਮੈਨੂੰ ਨਿਵੇਕਲਾ ਜਿਹਾ ਸਕੂਨ ਦਿੰਦੇ ਹਨ।

## ਹਲਕਾ ਫੁਲਕਾ



ਸੁਨੀਲ, ''ਪਿਤਾ ਜੀ, ਪਿਆਰ ਇੱਕ ਵਾਇਰਸ ਹੈ।''

ਪਿਤਾ, ''...ਅਤੇ ਗੇਟ ਦੇ ਪਿੱਛੇ ਰੱਖੀ ਲਾਠੀ ਐਂਟੀ-ਵਾਇਰਸ ਹੈ। ਕਹੇਂ ਤਾਂ ਹੁਣੇ ਤੇਰਾ ਸਿਸਟਮ ਸਕੈਨ ਕਰ ਦਿੰਦਾ ਹਾਂ।''

********

ਪਤੀ ਆਪਣੀ ਪਤਨੀ ਨੂੰ ਕੰਪਿਊਟਰ ਚਲਾਉਣ ਬਾਰੇ ਦੱਸ ਰਿਹਾ ਸੀ।

ਉਹ ਬੋਲਿਆ, ''ਮਾਈ ਕੰਪਿਊਟਰ ਉੱਤੇ ਰਾਈਟ ਕਲਿੱਕ ਕਰ।''

ਪਤਨੀ, ''ਕਰ ਦਿੱਤਾ।''

ਪਤੀ, ''ਫੋਲਡਰ ਖੁੱਲ੍ਹਿਆ?''

ਪਤਨੀ, ''ਹਾਂ ਜੀ, ਖੁੱਲ੍ਹ ਗਿਆ।''

ਪਤੀ, ''ਹੁਣ ਉਪਰ ਦੇਖ, ਕੀ ਨਜ਼ਰ ਆ ਰਿਹਾ ਹੈ?''

ਪਤਨੀ,''ਪੱਖਾ।''

ਪਤੀ ਖਿਝ ਕੇ ਕਹਿਣ ਲੱਗਾ, ''ਹੁਣ ਉਸ ਨਾਲ ਲਟਕ ਜਾ।''

**********

ਪਤਨੀ, ''ਸੱਚ ਸੱਚ ਦੱਸੋ, ਕੰਮ ਵਾਲੀ ਬਾਈ ਨਾਲ ਤੁਹਾਡਾ ਕੀ ਚੱਕਰ ਚੱਲ ਰਿਹਾ ਹੈ?''


ਪਤੀ, ''ਕੀ ਬਕਵਾਸ ਕਰ ਰਹੀ ਏਂ, ਆਖਰ ਹੋਇਆ ਕੀ?''

ਪਤਨੀ, ''ਕੱਲ੍ਹ ਤੱਕ ਉਹ ਮੈਨੂੰ ਮੇਮ ਸਾਹਿਬ ਕਹਿ ਕੇ ਬੁਲਾਉਂਦੀ ਸੀ, ਅੱਜ ਦੀਦੀ ਕਹਿ ਰਹੀ ਹੈ।''


ਗੁਰਦੁਆਰਾ ਛੋਟਾ ਨਾਨਕਿਆਣਾ, ਦੀਪਾਲਪੁਰ, ਜ਼ਿਲ੍ਹਾ ਉਕਾੜਾ

ਦੀਪਾਲਪੁਰ ਇੱਕ ਬਹੁਤ ਹੀ ਇਤਿਹਾਸਕ ਨਗਰ ਹੈ। ਇਹ ਕਦੇ ਪੰਜਾਬ ਦੀ ਰਾਜਧਾਨੀ ਰਿਹਾ ਹੈ। ਇਸ ਵੇਲੇ ਜ਼ਿਲ੍ਹਾ ਉਕਾੜਾ ਦਾ ਇਹ ਤਹਿਸੀਲ ਨਗਰ ਹੈ। ਸ਼ਹਿਰ ਤੋਂ ਦੱਖਣ ਪੂਰਬ ਨੂੰ ਬਾਹਰਵਾਰ ਸਤਿਗੁਰੂ ਨਾਨਕ ਦੇਵ ਜੀ ਦਾ ਪਾਵਨ ਅਸਥਾਨ ਛੋਟਾਂ ਨਾਨਕਿਆਣਾ ਆਪਣੀਆ ਸ਼ਾਨਾ ਵਿਖਾ ਰਿਹਾ ਹੈ। ਸਤਿਗੁਰੂ ਜੀ ਨੇ ਇੱਥੇ ਆ ਕੇ ਇੱਕ ਸੱਕੇ ਪਿੱਪਲ ਹੇਠ ਡੇਰਾ ਕੀਤਾ ਜੋ ਕਿ ਹਰਾ ਹੋ ਗਿਆ। ਇਹ ਪਿੱਪਲ ਅੱਜ ਵੀ ਮੌਜੂਦ ਹੈ। ਇੱਥੇ ਹੀ ਆਪ ਜੀ ਨੇ ਇੱਕ ਨੂਰੀ (ਨੌਰੰਗਾ) ਨਾਮੀ ਕੋਹੜੀ ਨੂੰ ਆਰੋਗ ਕੀਤਾ। ਉਹਦੀ ਕਬਰ ਗੁਰਦੁਆਰਾ ਸਾਹਿਬ ਦੇ ਪਿਛਵਾੜੇ ਹੈ। ਗੁਰਦੁਆਰੇ ਦੇ ਨਾਮ 25 ਘਮਾਉ ਜ਼ਮੀਨ ਪਿੰਡ ਮੰਚਾਰੀਆ ਕੰਬੋਜ ਸਿੰਘ ਵੱਲੋਂ ਅਤੇ ਇਕ ਘਮਾ ਜ਼ਮੀਨ ਸ਼ਹਿਰ ਤੋਂ ਬਾਹਰ ਹੈ। ਇਸ ਤੋਂ ਇਲਾਵਾ ਚੌਖੀ ਜਾਗੀਰ ਗੁਰ-ਦੁਆਰੇ ਦੇ ਨਾਮ ਹੈ। ਪੁਜਾਰੀ ਬੇਦੀ ਸਿੰਘ ਹੁੰਦੇ ਸਨ। ਹੁਣ ਪ੍ਰਕਾਸ਼ ਨਹੀਂ ਹੁੰਦਾ। ਦਰਬਾਰ ਖਾਲ੍ਹੀ ਪਿਆ ਹੈ। ਇਸੇ ਹੀ ਸ਼ਹਿਰ ਅੰਦਰ ਭਾਈ ਨੱਥੂ ਰਾਮ ਦੀ ਸੰਤਾਨ ਵਿੱਚੋਂ ਭਾਈ ਹਰੀ ਸਿੰਘ ਸਹਿਜਧਾਰੀ ਦੇ ਘਰ ਗੁਰੂ ਹਰਿਰਾਏ ਜੀ ਦੀ ਬਖਸ਼ਿਸ਼ ਕੀਤੀ ਗਈ ਮੰਜੀ ਸੀ ਜੋ ਪੌਣੇ ਛੇ ਫੁੱਟ ਲੰਮੀ ਅਤੇ ਤਿੰਨ ਫੁੱਟ ਚੌੜੀ ਤੇ ਸਵਾ ਫੁੱਟ ਉੱਚੀ ਹੈ। ਚਿੱਟੇ ਤੇ ਲਾਲ ਸੂਤਰ ਨਾਲ ਇਹ ਬੁਣੀ ਹੋਈ ਸੀ। ਇਸ ਦੇ ਰੰਗੀਨ ਪਾਵੇ ਤੇ ਲੱਕੜੀ ਕਾਲੀ ਸੀ। ਇੱਕ ਵੇਲਦਾਰ ਚਿਤਰੀ ਹੋਈ ਲੱਕੜ ਦੀ ਅਲਮਾਰੀ ਸੀ। ਇਸ ਅਲਮਾਰੀ ਬਾਰੇ ਆਖਿਆ ਜਾਂਦਾ ਸੀ ਕਿ ਇਹ ਅਲਮਾਰੀ ਦਸਮ ਪਿਤਾ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਸਣੇ ਭਾਈ ਨੱਥੂ ਜੀ ਨੂੰ ਬਖਸ਼ੀ ਸੀ। ਹੁਣ ਇਹ ਸਭ ਕੁਝ ਯਾਦਾਂ ਤੇ ਪੁਸਤਕਾਂ ਦੇ ਪੰਨਿਆਂ ਉੱਤੇ ਹੀ ਰਹਿ ਗਿਆ ਹੈ।

# ਅਲੋਪ ਹੋ ਰਿਹਾ ਪੇਂਡੂ ਮਿਲਵਰਤਣ



-ਸਤਨਾਮ ਚੌਹਾਨ-

ਅੱਜ-ਕੱਲ੍ਹ ਇੱਕ ਫਿਲਮ ਚੱਲ ਰਹੀ ਹੈ, ਜਿਸ ਵਿੱਚ ਪੁਰਾਣੇ ਪੇਂਡੂ ਸਭਿਆਚਾਰ, ਪਹਿਰਾਵਾ, ਖਾਣਾ-ਪੀਮਾ, ਬੋਲ-ਚਾਲ, ਰੀਤੀ ਰਿਵਾਜ ਵਿਖਾਏ ਹੋਏ ਹਨ। ਸ਼ਹਿਰੀ ਅਤੇ ਪੇਂਡੂ ਦੋਵੇਂ ਇਹ ਫਿਲਮ ਵੇਖ ਰਹੇ ਹਨ। ਅੱਜ ਤੋਂ ਕੋਈ ਇੱਕ ਦਹਾਕਾ ਪਹਿਲਾਂ ਇਹ ਸਭਿਆਚਾਰ ਪਿੰਡਾਂ ਵਿੱਚ ਜੀਵਤ ਸੀ। ਇੱਕ ਸਾਂਝ ਸੀ, ਭਾਈਚਾਰਾ ਸੀ, ਮਿਲਵਰਤਣ ਸੀ, ਪਰ ਨਵੀਂ ਪੀੜ੍ਹੀ ਜੋ ਪੜ੍ਹ ਲਿਖ ਗਈ, ਇਹ ਸਭ ਕੁਝ ਭੁੱਲ ਰਹੀ ਹੈ ਜਾਂ ਕਹੀਏ ਸਮੇਂ ਦੀ ਹਵਾ ਦਾ ਰੁਖ ਇਸ ਤਰ੍ਹਾਂ ਦਾ ਹੋ ਗਿਆ ਹੈ। ਪਿੰਡਾਂ ਦਾ ਬਹੁਤ ਕੁਝ ਸਾਂਝਾ ਸੀ। ਪਿੰਡ ਦੀ ਧੀ-ਭੈਣ ਸਭ ਦੀ ਸਾਂਝੀ ਸਮਝੀ ਜਾਂਦੀ ਸੀ। ਇੱਕ ਘਰ ਵਿੱਚ ਜੇ ਕੋਈ ਦੁੱਖ-ਸੁੱਖ ਹੁੰਦਾ ਤਾਂ ਸਾਰਾ ਪਿੰਡ ਢੁਕ ਪੈਂਦਾ, ਪਰ ਹੁਣ ਕੋਰਾਪਣ ਪਿੰਡਾਂ ਦੀਆਂ ਸਰਦਲਾਂ ਵੀ ਛੂਹ ਚੁੱਕਾ ਹੈ।

ਪਿੰਡ ਵਿੱਚ ਜਦੋਂ ਕਿਸੇ ਦੇ ਘਰ ਕੋਈ ਕਾਰਜ ਹੁੰਦਾ, ਵਿਆਹ-ਸ਼ਾਦੀ, ਗਮੀ, ਚੱਠ, ਛਟੀ ਜਾਂ ਮੇਲ ਬੁਲਾਇਆ ਜਾਂਦਾ ਸੀ। ਪਿੰਡ ਦਾ ਨਾਈ ਜਾਂ ਪੈਂਚ ਮੇਲ ਬੁਲਾਉਣ ਲਈ ਭੇਜਿਆ ਜਾਂਦਾ, ਜਿਸ ਨੂੰ ਗੰਢਾਂ ਦੇਣੀਆਂ ਕਿਹਾ ਜਾਂਦਾ। ਅੱਗੋਂ ਜਿਸ ਕਿਸੇ ਨੂੰ ਵੀ ਇਹ ਨਿਉਂਦਾ, ਗੰਢ ਮਿਲਦੀ, ਉਹ ਲਾਗੀ ਦਾ ਬਣਦਾ ਲਾਗ ਦਿੰਦਾ। ਮਿਥੀ ਤਰੀਕ ਨੂੰ ਮੇਲ ਕਾਰਜ ਵਾਲੇ ਘਰ ਪਹੁੰਚ ਜਾਂਦਾ। ਇਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਮੇਜ਼ਬਾਨ ਪਰਵਾਰ ਉਨ੍ਹਾਂ ਦੇ ਸੌਣ-ਬਹਿਣ ਦਾ ਪ੍ਰਬੰਧ ਕਰਦਾ। ਪਿੰਡ ਦੇ ਨੌਜਵਾਨਾਂ ਦੀਆਂ ਡਿਊਟੀਆਂ ਲਾਈਆਂ ਹੁੰਦੀਆਂ। ਕੁਝ ਮੰਜੇ-ਬਿਸਤਰੇ ਪਿੰਡ ਵਿੱਚ ਇਕੱਠੇ ਕਰਦੇ, ਕੁਝ ਤੰਬੂ ਕਨਾਤਾਂ ਲਵਾਉਂਦੇ। ਇਸ ਤਰ੍ਹਾਂ ਵੱਖ-ਵੱਖ ਡਿਊਟੀਆਂ ਆਪਣਾ ਹੀ ਕਾਰਜ ਸਮਝ ਕੇ ਸਿਰੇ ਚੜ੍ਹਾਈਆਂ ਜਾਂਦੀਆਂ।

ਮੈਨੂੰ ਯਾਦ ਹੈ ਕਿ ਜਦੋਂ ਪਿੰਡ ਦੇ ਮੁੰਡੇ ਮੰਜੇ-ਬਿਸਤਰੇ ਇਕੱਠੇ ਕਰਨ ਜਾਂਦੇ ਤਾਂ ਇਨ੍ਹਾਂ ਦੇ ਇੱਕ ਹੱਥ ਸਿਆਹੀ ਤੇ ਕਲਮ ਹੁੰਦੀ। ਬਿਸਤਰੇ ਉੱਤੇ ਨਾਮ ਲਿਖਿਆ ਜਾਂਦਾ ਕਿ ਫਲਾਣਾ ਸਿੰਘ ਦਾ ਮੰਜਾ, ਬਿਸਤਰਾ, ਸਿਰਹਾਣਾ, ਦਰੀ, ਸਰਦੀਆਂ ਵਿੱਚ ਰਜਾਈ। ਸਿਆਲਾਂ ਵਿੱਚ ਬਹੁਤੇ ਵਿਆਹ ਹੁੰਦੇ। ਖਾਸ ਕਰ ਕੇ ਮੱਘਰ ਮਹੀਨਾ ਦੇਸੀ ਜੋ ਦਸੰਬਰ ਹੁੰਦਾ। ਅਸੀਂ ਦੋ-ਤਿੰਨ ਬਿਸਤਰੇ ਅੱਡ ਰੱਖੇ ਹੁੰਦੇ, ਜੋ ਵਿਆਹ-ਸ਼ਾਦੀ ਜਾਂ ਕਾਰਜ ਵਾਲੇ ਘਰਾਂ ਲੈ ਕੇ ਜਾਣੇ ਹੁੰਦੇ ਸਨ। ਕਾਰਜ ਹੋਣ ਤੋਂ ਬਾਅਦ ਅਸੀਂ ਆਪਣੇ ਕਿਸੇ ਮੁੰਡੇ ਜਾਂ ਘਰ ਜੋ ਖੇਤੀ ਦਾ ਕੰਮ ਕਰਨ ਵਾਲਾ ਹੁੰਦਾ, ਨੂੰ ਬਿਸਤਰੇ ਵਾਪਸ ਲੈਣ ਲਈ ਭੇਜਦੇ। ਬਿਸਤਰੇ ਦੀ ਮੱਤ ਮਾਰੀ ਹੁੰਦੀ। ਚਾਹ ਡੁੱਲ੍ਹੀ ਹੁੰਦੀ, ਸਬਜ਼ੀ ਲੱਗੀ ਹੁੰਦੀ। ਫਿਰ ਉਸ ਬਿਸਤਰੇ ਨੂੰ ਮੋਟਰ ਉੱਤੇ ਲਿਜਾ ਕੇ ਧੋਣਾ, ਪਰ ਕਈ ਵਾਰ ਕਿਸੇ ਦੇ ਘਰੋਂ ਬਿਸਤਰੇ ਸਾਫ ਵੀ ਵਾਪਸ ਆ ਜਾਂਦੇ। ਅਜਿਹਾ ਕਦੇ ਘੱਟ ਹੀ ਹੁੰਦਾ ਸੀ। ਮੰਜੇ ਦੀਆਂ ਅਕਸਰ ਦੌਣਾਂ ਟੁੱਟੀਆਂ ਹੁੰਦੀਆਂ ਜਾਂ ਲਾਪਰਵਾਹੀ ਨਾਲ ਪਾਵਾ ਜਾਂ ਸੇਰੂ ਟੁੱਟਿਆ ਹੁੰਦਾ, ਜੋ ਨਵੇਂ ਸਿਰਿਉਂ ਪਵਾਉਣਾ ਪੈਂਦਾ। ਫਿਰ ਦੁੱਧ ਦਾ ਐਲਾਨ ਹੁੰਦਾ। ਗੁਰਦੁਆਰੇ ਦੇ ਲਾਊਡ ਸਪੀਕਰ ਜਾਂ ਵਿਆਹ ਵਾਲੇ ਘਰੋਂ ਐਲਾਨ ਹੁੰਦਾ ਕਿ ਇੱਕ 'ਭਾਈ ਸਵੇਰੇ ਕਿਸੇ ਨੇ ਦੁੱਧ ਦੋਧੀ ਨੂੰ ਨਹੀਂ ਪਾਉਣਾ। ਬੰਤਾ ਸਿੰਹੁ ਦੇ ਘਰ ਪਹੁੰਚਾਉਣਾ ਹੈ।' ਅਸਲੀ ਖੋਏ ਦੀ ਬਰਫੀ ਮੂੰਹੋਂ ਨਾ ਲਹਿੰਦੀ।

ਹੁਣ ਸਭ ਕੁਝ ਬਦਲ ਗਿਆ ਹੈ। ਮੰਡੀਕਰਨ ਨੇ ਸਾਡਾ ਸਭਿਆਚਾਰ ਖੋਹ ਲਿਆ। ਥਾਂ-ਥਾਂ ਪੈਲੇਸ ਖੁੱਲ੍ਹ ਗਏ। ਰਾਤਾਂ ਰਹਿਣ ਵਾਲਾ ਮੇਲ ਬਹੁਤ ਘੱਟ ਗਿਆ ਹੈ। ਖਾਸ ਰਿਸ਼ਤੇਦਾਰ ਠਹਿਰਦੇ ਨੇ, ਬਾਕੀ ਸਭ ਵੇਲੇ ਦੇ ਵੇਲੇ ਪੈਲੇਸ ਹੀ ਪਹੁੰਚਦੇ ਹਨ। ਮੰਜੇ-ਬਿਸਤਰੇ ਅੱਜਕੱਲ੍ਹ ਘਰਾਂ ਤੋਂ ਨਹੀਂ ਇਕੱਠੇ ਕਰਨੇ ਪੈਂਦੇ, ਗੁਰਦੁਆਰੇ ਜਾਂ ਟੈਂਟਾਂ ਵਾਲਿਆਂ ਤੋਂ ਕਿਰਾਏ ਉੱਤੇ ਮਿਲ ਜਾਂਦੇ ਹਨ, ਨਹੀਂ ਤਾਂ ਆਮ ਤੌਰ 'ਤੇ ਘਰਾਂ ਵਿੱਚ ਬਹੁਤ ਸਾਰੇ ਬਿਸਤਰੇ ਬਣਾਏ ਹੁੰਦੇ ਹਨ।

ਇਥੇ ਮੈਂ ਇਹ ਦੱਸਣਾ ਚਾਹੁੰਦੀ ਹਾਂ ਕਿ ਮੇਰੀ ਪੇਟੀ ਬਿਸਤਰਿਆਂ ਨਾਲ ਭਰੀ ਹੋਈ ਹੈ, ਵਿਆਹ ਤੇ ਮੇਰੇ ਦਾਜ ਵਿੱਚ ਇੱਕੀ ਬਿਸਤਰੇ ਸਨ, ਘਰ ਦੀ ਕਪਾਹ ਦੇ ਭਰੇ ਹੋਏ, ਉਹ ਉਸੇ ਤਰ੍ਹਾਂ ਪਏ ਹਨ। ਹੁਣ ਨਵੀਆਂ-ਨਵੀਆਂ ਚੀਜ਼ਾਂ, ਜਿਵੇਂ ਕੰਬਲ, ਪੋਲੀਵੂਲ ਦੀਆਂ ਰਜਾਈਆਂ ਆ ਗਈਆਂ। ਉਹ ਭਾਰੇ ਬਿਸਤਰੇ ਘੱਟ ਵਰਤੋਂ ਵਿੱਚ ਆਉਂਦੇ ਹਨ। ਜੇ ਘਰ ਕੋਈ ਨਿੱਕਾ-ਮੋਟਾ ਫੰਕਸ਼ਨ ਹੁੰਦਾ ਹੈ ਤਾਂ ਉਹ ਘਰੋਂ ਹੀ ਸਰ ਜਾਂਦਾ ਹੈ।

ਅੱਜਕੱਲ੍ਹ ਦੇ ਭੱਜ ਨੱਠ ਦੇ ਜ਼ਮਾਨੇ ਵਿੱਚ ਕਿਸੇ ਕੋਲ ਕੋਈ ਸਮਾਂ ਹੀ ਨਹੀਂ ਕਿਤੇ ਰਾਤਾਂ ਰਹਿਣ ਦਾ। ਤਕਰੀਬਨ ਸਾਰੇ ਲੋਕਾਂ ਕੋਲ ਆਪਣੇ ਆਵਾਜਾਈ ਦੇ ਸਾਧਨ ਹਨ। ਲੋਕ ਸ਼ਾਮ ਨੂੰ ਆਪਣੇ ਆਪਣੇ ਘਰ ਜਾਣਾ ਵੱਧ ਪਸੰਦ ਕਰਦੇ ਹਨ। ਹਰ ਕਿਸੇ ਨੂੰ ਆਪਣੇ ਘਰ ਦਾ ਆਰਾਮ ਤਿਆਗਣਾ ਔਖਾ ਲੱਗਦਾ ਹੈ। ਸਮੇਂ ਨਾਲ ਤਬਦੀਲੀ ਆਉਣੀ ਕੁਦਰਤੀ ਗੱਲ ਹੈ ਤੇ ਆਉਣੀ ਵੀ ਹੈ, ਪਰ ਅਸੀਂ ਪਿੱਛੇ ਬਹੁਤ ਕੁਝ ਛੱਡ ਆਏ ਹਾਂ- ਆਪਸੀ ਸਾਂਝ ਭਾਈਚਾਰਾ, ਮਿਲਵਰਤਣ। ਖੁਦਾ ਕਰੇ ਉਹ ਬੀਤਿਆ ਵੇਲਾ ਮੁੜ ਆਵੇ, ਪਰ ਅਜਿਹਾ ਹੁਣ ਕਦੇ ਨਹੀਂ ਹੋ ਸਕੇਗਾ। ਸਾਨੂੰ ਚਾਹੀਦਾ ਹੈ ਕਿ ਅਸੀਂ ਕੋਸ਼ਿਸ਼ ਕਰੀਏ ਇਨ੍ਹਾਂ ਭੁੱਲੀਆਂ-ਵਿਸਰੀਆਂ ਕਦਰਾਂ ਕੀਮਤਾਂ ਨੂੰ ਜ਼ਿੰਦਾ ਰੱਖਣ ਦੀ।

# ਬਿਨਾਂ ਕਾਨੂੰਨ ਵਾਲੀ ਵਿਵਸਥਾ

-ਯਸ਼ਪਾਲ ਸਿੰਘ

ਲੋਕਤੰਤਰ ਵਿੱਚ ਜਨਤਾ ਬਹੁਤ ਜਾਗਰੂਕ ਹੋ ਚੁੱਕੀ ਹੈ। ਕਿਉਂਕਿ ਆਜ਼ਾਦ ਪ੍ਰੈਸ ਅਤੇ ਸੰਚਾਰ ਮਾਧਿਅਮਾਂ ਦੇ ਨਾਲ-ਨਾਲ ਸੋਸ਼ਲ ਮੀਡੀਆ ਦਾ ਵਿਆਪਕ ਵਿਕਾਸ ਹੋਇਆ ਹੈ, ਇਸ ਲਈ ਕੋਈ ਵੱਡੀ ਘਟਨਾ ਹੁੰਦੇ ਸਾਰ ਹੀ ਸੜਕ ਜਾਮ, ਘਿਰਾਓ, ਧਰਨਾ-ਪ੍ਰਦਰਸ਼ਨ ਆਦਿ ਆਮ ਗੱਲ ਹੋ ਗਈ ਹੈ। ਇਸ ਨਾਲ ਦਬਾਅ ਇੰਨਾ ਵੱਧ ਜਾਂਦਾ ਹੈ ਕਿ ਅੱਜਕੱਲ੍ਹ ਦੀਆਂ ਸਰਕਾਰਾਂ ਪਰੇਸ਼ਾਨ ਹੋ ਜਾਂਦੀਆਂ ਹਨ। ਵਿਰੋਧੀ ਧਿਰ ਕਿਸੇ ਵੀ ਛੋਟੀ-ਮੋਟੀ ਘਟਨਾ ਨੂੰ ਬਹੁਤ ਵੱਡਾ ਮੁੱਦਾ ਬਣਾ ਕੇ ਧਰਨਾ-ਪ੍ਰਦਰਸ਼ਨ ਕਰਨ ਲੱਗਦੀ ਹੈ। ਕਦੇ-ਕਦਾਈ ਤਾਂ ਇਹ ਧਰਨਾ-ਪ੍ਰਦਰਸ਼ਨ ਅੰਦੋਲਨ ਦਾ ਰੂਪ ਧਾਰ ਲੈਂਦਾ ਹੈ।

ਇਸ ਅੰਦੋਲਨ ਨੂੰ ਵਿਰੋਧੀ ਸਿਆਸੀ ਪਾਰਟੀਆਂ ਦੇ ਨਾਲ-ਨਾਲ ਸਰਕਾਰ ਵਿਰੋਧੀ ਹੋਰ ਧੜੇ ਵੀ ਸ਼ਹਿ ਦੇਣ ਲੱਗਦੇ ਹਨ। ਉਹ ਸਰਕਾਰ ਨੂੰ 'ਨਿਕੰਮੀ' ਕਹਿਣ ਦੇ ਨਾਲ ਹੀ ਪੁਲਸ 'ਤੇ ਵੀ ਦੂਸ਼ਣਬਾਜ਼ੀ ਕਰਨ ਲੱਗਦੇ ਹਨ। ਅਜਿਹੇ ਵਿੱਚ ਆਮ ਜਨ ਭਾਵਨਾ ਸਰਕਾਰ ਦੇ ਖ਼ਿਲਾਫ਼ ਹੋਣ ਲੱਗਦੀ ਹੈ। ਲੋਕਤੰਤਰ ਵਿੱਚ ਵੋਟ ਹੀ ਸਭ ਕੁਝ ਹੈ। ਅਜਿਹੇ ਵਿਚ ਸਰਕਾਰਾਂ ਕੀ ਕਰਨ? ਪੁਲਸ ਮੁੱਖੀ ਅਰਥਾਤ ਡੀ ਜੀ ਪੀ ਸੱਦੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ 'ਇੰਦਾਂ ਕੰਮ ਨਹੀਂ ਚੱਲੇਗਾ ਡੀ ਜੀ ਸਾਹਿਬ। ਅਸੀ ਫਿਰ ਜਨਤਾ ਤੋਂ ਵੋਟਾਂ ਮੰਗਣੀਆਂ ਹਨ। ਕਿੰਦਾਂ ਕਰਾਂਗੇ? ਕੀ ਕਰਾਂਗੇ? ਤੁਸੀਂ ਜਾਣੋ ਅਤੇ ਤੁਹਾਡਾ ਕੰਮ।' ਇਹੀ ਗੱਲ ਡੀ ਜੀ ਸਾਹਿਬ ਆਈ ਜੀ ਅਤੇ ਡੀ ਆਈ ਜੀ ਨੂੰ ਕਹਿੰਦੇ ਹਨ। ਆਈ ਜੀ ਅਤੇ ਡੀ ਆਈ ਜੀ ਇਹੀ ਗੱਲ ਐਸ ਐਸ ਪੀ ਜਾਂ ਐਸ ਪੀ ਨੂੰ ਆਪਣੀ ਪੁਲਸੀਆਂ ਭਾਸ਼ਾ ਅਤੇ ਅੰਦਾਜ਼ ਵਿੱਚ ਸਮਝਾਉਂਦੇ ਹਨ। ਐਸ ਐਸ ਪੀ ਅਤੇ ਐਸ ਪੀ ਇਹੀ ਗੱਲ ਥਾਣਾ ਮੁਖੀਆਂ ਨੂੰ ਕਹਿੰਦੇ ਹਨ। ਜੋ ਕਰਨਾ ਹੈ, ਉਹ ਥਾਣਾ ਮੁਖੀ ਨੇ ਕਰਨਾ ਹੈ। ਉਹ ਕੀ ਕਰੇ? ਜਾਂ ਉਹ ਲਾਈਨ ਹਾਜ਼ਰ ਹੋ ਕੇ ਮੂੰਹ ਲਟਕਾ ਕੇ ਪੁਲਸ ਲਾਈਨ ਚਲਾ ਜਾਵੇ ਜਾਂ ਕੁਝ ਅਜਿਹਾ ਕਰੇ ਕਿ ਅਪਰਾਧੀ ਦਹਿਸ਼ਤ ਵਿੱਚ ਆ ਜਾਣ ਅਤੇ ਉਸ ਦੇ ਇਲਾਕੇ ਵਿੱਚ ਅਪਰਾਧ ਕਰਨ ਦੀ ਹਿੰਮਤ ਨਾ ਕਰ ਸਕਣ। ਕਾਨੂੰਨ ਵਿਵਸਥਾ ਦੀ ਸਥਿਤੀ ਅੱਜ ਇਸ ਹਾਲਤ ਵਿੱਚ ਪੁੱਜ ਗਈ ਹੈ ਕਿ ਹੌਲੀ-ਹੌਲੀ ਕਾਨੂੰਨ ਗ਼ਾਇਬ ਹੁੰਦਾ ਜਾਂਦਾ ਹੈ। ਕੋਈ ਵੀ ਸਰਕਾਰ ਵਿਵਸਥਾ ਕਿਸੇ ਵੀ ਕੀਮਤ 'ਤੇ ਦਰੁਸਤ ਰੱਖਣੀ ਚਾਹੇਗੀ ਅਤੇ ਉਸ ਨੂੰ ਅਜਿਹਾ ਕਰਨਾ ਵੀ ਚਾਹੀਦਾ ਹੈ।

ਕਿਉਂਕਿ ਪੁਲਸ ਉਸਦੇ ਸਿੱਧੇ ਕੰਟਰੋਲ ਵਿੱਚ ਹੁੰਦੀ ਹੈ, ਇਸ ਲਈ ਸਾਰਾ ਦਬਾਅ ਥਾਣੇਦਾਰ ਉਤੇ ਆ ਜਾਂਦਾ ਹੈ। ਨਿਆਂ ਵਿਵਸਥਾ ਤੋਂ ਉਸ ਨੂੰ ਕੋਈ ਖ਼ਾਸ ਮਦਦ ਨਹੀਂ ਮਿਲਦੀ। ਮੁਲਜ਼ਮਾਂ ਨੂੰ ਅਗਾਊਂ ਜ਼ਮਾਨਤ ਜਾਂ ਫਿਰ ਜ਼ਮਾਨਤ ਦੇਰ-ਸਵੇਰ ਮਿਲ ਜਾਂਦੀ ਹੈ ਤੇ ਟ੍ਰਾਇਲ ਤਾਂ ਫਿਰ ਉਨ੍ਹਾਂ ਦੀ ਮਰਜ਼ੀ ਨਾਲ ਚੱਲਦਾ ਹੈ। ਪ੍ਰਕਿਰਿਆ ਦੇ ਜਾਲ ਵਿੱਚ ਕਾਨੂੰਨ ਇੰਨਾ ਉਲਝ ਜਾਂਦਾ ਹੈ ਕਿ ਉਸ ਤੋਂ ਨਿਕਲ ਕੇ ਨਿਆਂ ਹਾਸਲ ਕਰਨ ਵਿੱਚ ਦਹਾਕੇ ਲੱਗ ਜਾਂਦੇ ਹਨ। ਜਦ ਮਾਮਲਾ ਲੰਬਾ ਖਿੱਚਦਾ ਹੈ ਤਾਂ ਅਕਸਰ ਨਿਆਂ ਮੁਦਈ ਦੇ ਪੱਖ ਵਿੱਚ ਜਾਣ ਦੀ ਥਾਂ ਅਪਰਾਧੀ ਦੇ ਪੱਖ ਵਿੱਚ ਜਾਣ ਦਾ ਅੰਦੇਸ਼ਾ ਵੱਧ ਜਾਂਦਾ ਹੈ।

ਇੱਕ ਜ਼ਿਲ੍ਹੇ ਵਿੱਚ ਇੱਕ ਅਪਰਾਧੀ ਨੇ ਇੱਕ ਦਬੰਗ ਦੀ ਦਿਨ-ਦਿਹਾੜੇ ਬਾਜ਼ਾਰ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਹੱਤਿਆ ਨੇ ਜਾਤੀਵਾਦ ਦਾ ਰੰਗ ਲੈ ਲਿਆ। ਉਹ ਅਪਰਾਧੀ ਵਿਧਾਇਕ, ਪਾਰਲੀਮੈਂਟ ਮੈਂਬਰ ਤੇ ਮੰਤਰੀ ਬਣਿਆ। ਉਸ ਨਾਲ ਸਬੰਧਤ ਹੱਤਿਆ ਦਾ ਕੇਸ ਸੈਸ਼ਨ ਕੋਰਟ ਵਿੱਚ ਕਿਸੇ ਨਾ ਕਿਸੇ ਕਾਨੂੰਨੀ ਪ੍ਰਕਿਰਿਆ ਦੇ ਦਾਅਪੇਚ ਕਾਰਨ 18-20 ਸਾਲ ਲਮਕਿਆ ਰਿਹਾ। ਸਾਰੇ ਹਾਲਾਤ ਜਦ ਹਰ ਤਰ੍ਹਾਂ ਨਾਲ ਅਨੁਕੂਲ ਹੋ ਗਏ ਤਾਂ ਕੇਸ ਚੱਲਿਆ ਅਤੇ ਉਹ ਬਾਇੱਜ਼ਤ ਬਰੀ ਹੋ ਗਿਆ। ਪਤਾ ਲੱਗਾ ਕਿ ਸਾਰੇ ਗਵਾਹਾਂ ਨੂੰ ਮੋਟਰ ਕਾਰਾਂ ਮਿਲ ਗਈਆਂ ਸਨ। ਅਦਾਲਤ ਨੂੰ ਸਬੂਤ ਚਾਹੀਦੇ ਹਨ। ਗਵਾਹਾਂ 'ਤੇ ਨਾ ਨੈਤਿਕ ਦਬਾਅ ਰਿਹਾ ਹੈ ਅਤੇ ਨਾ ਸਮਾਜਿਕ ਭੈਅ। ਪ੍ਰਸ਼ਾਸਕੀ ਇਕਬਾਲ ਵੀ ਨਹੀਂ ਰਿਹਾ। ਸ਼ਾਇਦ ਉਨ੍ਹਾਂ ਲਈ ਇੰਨੇ ਦਿਨਾਂ ਬਾਅਦ ਗਵਾਹੀ ਦੇਣ ਦਾ ਕੋਈ ਅਰਥ ਨਹੀਂ ਰਹਿ ਗਿਆ ਸੀ। ਫੂਲਨ ਦੇਵੀ ਨੇ ਆਪਣੇ ਗੈਂਗ ਨਾਲ 14 ਫਰਵਰੀ 1982 ਨੂੰ ਇੱਕ ਪਿੰਡ ਵਿੱਚ ਦਿਨ-ਦਿਹਾੜੇ ਲਗਭੱਗ 20 ਲੋਕਾਂ ਦੀ ਹੱਤਿਆ ਕਰ ਦਿੱਤੀ। ਚਸ਼ਮਦੀਦ ਗਵਾਹਾਂ ਦੀ ਕਮੀ ਨਹੀਂ ਸੀ। ਫੂਲਨ ਨੇ ਮੱਧ ਪ੍ਰਦੇਸ਼ ਵਿੱਚ ਆਤਮ-ਸਮਰਪਣ ਕੀਤਾ ਤੇ ਸਿਆਸਤ ਵਿੱਚ ਸਰਗਰਮ ਹੋ ਕੇ ਦੋ ਵਾਰ ਸੰਸਦ ਮੈਂਬਰ ਬਣੀ। ਅਖੀਰ ਉਸ ਦੀ ਵੀ ਹੱਤਿਆ ਹੋ ਗਈ। ਗੈਂਗ ਦੇ ਹੋਰ ਸਾਥੀਆਂ 'ਤੇ ਮੁਕੱਦਮਾ ਚੱਲਦਾ ਰਿਹਾ। ਇਨ੍ਹਾਂ 'ਚੋਂ 12 ਮਰ ਚੁੱਕੇ ਹਨ। ਚਾਰ ਬਚੇ ਹੋਏ ਹਨ। ਇਸ ਮਾਮਲੇ ਵਿੱਚ ਸੈਸ਼ਨ ਕੋਰਟ ਦਾ ਜੋ ਫ਼ੈਸਲਾ ਲਗਭੱਗ 38 ਸਾਲ ਪਿੱਛੋਂ ਇਸੇ ਛੇ ਜਨਵਰੀ ਨੂੰ ਆਉਣ ਵਾਲਾ ਸੀ, ਉਹ ਕੁਝ ਦਿਨਾਂ ਲਈ ਟਲ ਗਿਆ ਹੈ। ਜਦ ਸੈਸ਼ਨ ਕੋਰਟ ਤੋਂ ਫ਼ੈਸਲਾ ਆਵੇਗਾ ਤਾਂ ਉਸ ਵਿਰੁੱਧ ਉਪਰਲੀਆਂ ਅਦਾਲਤਾਂ ਵਿੱਚ ਅਪੀਲ ਹੋਵੇਗੀ। ਕੋਈ ਨਹੀਂ ਜਾਣਦਾ ਕਿ ਅੰਤਿਮ ਫ਼ੈਸਲਾ ਕਦੋਂ ਆਵੇਗਾ?

ਆਖ਼ਰ ਨਿਆਂ ਕੀਹਨੂੰ ਮਿਲੇਗਾ, ਫੂਲਨ ਗੈਂਗ ਹੱਥੋਂ ਮਾਰੇ ਗਏ ਕਈ ਲੋਕਾਂ ਦੇ ਭਾਈ-ਬੰਧ ਨਿਆਂ ਉਡੀਕਦੇ ਹੋਏ ਜਹਾਨੋਂ ਰੁਖ਼ਸਤ ਹੋ ਚੁੱਕੇ ਹਨ। ਹੈਦਰਾਬਾਦ ਵਿੱਚ ਐਨਕਾਊਂਟਰ ਤੋਂ ਬਾਅਦ ਸੁਪਰੀਮ ਕੋਰਟ ਦੇ ਮੁੱਖ ਜੱਜ ਨੇ ਬਿਲਕੁਲ ਸਹੀ ਕਿਹਾ ਸੀ ਕਿ ਨਿਆਂ 'ਬਦਲ' ਨਹੀਂ ਹੈ ਅਤੇ ਇਹ ਤਤਕਾਲੀ ਨਹੀਂ ਹੋ ਸਕਦਾ ਪਰ ਸਮਝਣਾ ਹੋਵੇਗਾ ਕਿ ਆਖ਼ਰ ਪੁਲਸ ਉਦੋਂ ਐਨਕਾਊਂਟਰ ਕਿਉਂ ਕਰਦੀ ਹੈ ਜਦ ਉਸ 'ਤੇ ਜਾਂਚ ਤੇ ਕਾਰਵਾਈ ਦੀ ਤਲਵਾਰ ਲਟਕਦੀ ਹੈ? ਅਕਸਰ ਪੁਲਸ ਸੁਧਾਰਾਂ ਦੀ ਗੱਲ ਹੁੰਦੀ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਪੁਲਸ ਸੁਧਾਰ ਹੋਣ ਨਾਲ ਹਾਲਾਤ ਬਦਲ ਜਾਣਗੇ।

ਹਾਲਾਂਕਿ ਇਹ ਕੰਮ ਵੀ ਨਹੀਂ ਹੋਇਆ ਜਦ ਕਿ ਸੁਪਰੀਮ ਕੋਰਟ ਨੇ ਪੁਲਸ ਸੁਧਾਰਾਂ ਬਾਰੇ ਹਦਾਇਤ 2006 ਵਿੱਚ ਦੇ ਦਿੱਤੀ ਸੀ। ਮੇਰਾ ਮੰਨਣਾ ਹੈ ਕਿ ਸਿਰਫ਼ ਪੁਲਸ ਸੁਧਾਰਾਂ ਨਾਲ ਕੁਝ ਹਾਸਲ ਹੋਣ ਵਾਲਾ ਨਹੀਂ ਹੈ। ਜਦ ਤੱਕ ਜ਼ਰੂਰੀ ਨਿਆਇਕ, ਪ੍ਰਸ਼ਾਸਕੀ ਤੇ ਚੋਣ ਸੁਧਾਰ ਨਹੀਂ ਹੁੰਦੇ, ਉਦੋਂ ਤੱਕ ਕਾਨੂੰਨ ਤੇ ਵਿਵਸਥਾ ਦਾ ਸੁਧਾਰ ਨਹੀਂ ਹੋਣ ਵਾਲਾ। ਨਿਆਂ ਸ਼ਾਸਤਰ ਸਦੀਆਂ ਪੁਰਾਣੀ ਪਰਿਭਾਸ਼ਾ ਨੂੰ ਬਦਲਣਾ ਹੋਵ-ਗਾ। ਫ਼ਿਲਹਾਲ ਪੂਰੀ ਦੀ ਪੂਰੀ ਕਾਨੂੰਨੀ ਪ੍ਰਕਿਰਿਆ ਮੁਲਜ਼ਮਾਂ ਦੇ ਹਿੱਤਾਂ ਦੀ ਰੱਖਿਆ ਵਿੱਚ ਝੁਕੀ ਰਹਿੰਦੀ ਹੈ। ਧਿਆਨ ਦਿਓ ਕਿ ਚਰਚਿਤ ਨਿਰਭੈਆ ਕਾਂਡ ਦੇ ਦੋਸ਼ੀਆਂ ਦੀ ਸਜ਼ਾ 'ਤੇ ਅੱਜ ਤੱਕ ਅਮਲ ਨਹੀਂ ਹੋ ਸਕਿਆ, ਜਦਕਿ ਸੁਪਰੀਮ ਕੋਰਟ ਦਾ ਫ਼ੈਸਲਾ ਆਏ ਕਈ ਸਾਲ ਹੋ ਚੁੱਕੇ ਹਨ। ਭਾਵੇਂ ਉਨ੍ਹਾਂ ਦੇ ਡੈੱਥ ਵਾਰੰਟ ਜਾਰੀ ਹੋ ਚੁੱਕੇ ਹਨ ਤੇ 22 ਜਨਵਰੀ ਨੂੰ ਉਨ੍ਹਾਂ ਨੂੰ ਫਾਂਸੀ ਲਾਉਣ ਦੀ ਤਰੀਕ ਮੁਕੱਰਰ ਹੋ ਚੁੱਕੀ ਹੈ। ਇਸ 'ਤੇ ਅਮਲ ਹੋਵੇਗਾ ਜਾਂ ਨਹੀਂ, ਇਹ ਹਾਲੇ ਪੱਕਾ ਨਹੀਂ, ਕਿਉਂਕਿ ਦੋਸ਼ੀਆਂ ਕੋਲ ਕੁਝ ਕਾਨੂੰਨੀ ਬਦਲ ਬਾਕੀ ਹੈ। ਦਰਅਸਲ, ਨਿਆਂ ਪਾਲਿਕਾ ਨੂੰ ਪ੍ਰੋਐਕਟਿਵ ਹੋਣ ਦੀ ਜ਼ਰੂਰਤ ਹੈ। ਜੇ ਫੂਲਨ ਦੇਵੀ ਵਰਗੇ ਲੋਕ ਕਤਲੇਆਮ ਕਰਨ ਤੋਂ ਬਾਅਦ ਵੀ ਸੰਸਦ ਮੈਂਬਰ ਬਣਨਗੇ ਤਾਂ ਸਮਾਜ ਵਿੱਚ ਕੀ ਸੰਦੇਸ਼ ਜਾਵੇਗਾ? 'ਜਦ ਤੱਕ ਸਜ਼ਾ ਨਾ ਮਿਲੇ, ਵਿਅਕਤੀ ਨਿਰਦੋਸ਼ ਹੈ' ਇਹ ਸਿਧਾਂਤ ਵੀ ਵਿਚਾਰਨਯੋਗ ਹੈ ਅਤੇ ਖ਼ਾਸ ਤੌਰ 'ਤੇ ਲੋਕ ਨੁਮਾਇੰਦਿਆਂ ਦੇ ਮਾਮਲੇ ਵਿੱਚ। ਜਦ ਸਜ਼ਾ ਮਿਲਦੇ-ਮਿਲਦੇ ਕਈ ਦਹਾਕੇ ਲੱਗ ਜਾਂਦੇ ਹਨ ਤਾਂ ਫਿਰ ਇਸ ਸਿਧਾਂਤ ਦਾ ਕੀ ਅਰਥ ਰਹਿ ਜਾਂਦਾ ਹੈ? ਨਿਆਂ ਮਿਲਣ ਦੀ ਇੱਕ ਸਮਾਂ ਹੱਦ ਹੋਣੀ ਚਾਹੀਦੀ ਹੈ। ਨਿਆਂ ਸਮਾਂਬੱਧ ਹੋਵੇ। ਪੂਰੀ ਅਪਰਾਧਕ ਨਿਆਂ ਪ੍ਰਕਿਰਿਆ ਨੇ ਪੁਲਸ ਨੂੰ ਬੇਭਰੋਸਗੀ ਵਾਲੀ ਮੰਨ ਲਿਆ ਹੈ ਜਦਕਿ ਉਹੀ ਕੇਸ ਦੀ ਸਚਾਈ ਨੂੰ ਜਾਣਦੀ ਹੁੰਦੀ ਹੈ। ਕੋਈ ਪੁਲਸ ਵਾਲਾ ਗ਼ਲਤ ਗਵਾਹੀ ਦੇਵੇ ਜਾਂ ਸਬੂਤ ਪੇਸ਼ ਕਰੇ ਤਾਂ ਸਖ਼ਤ ਸਜ਼ਾ ਦਿੱਤੀ ਜਾਵੇ ਪਰ ਪੂਰੀ ਪੁਲਸ 'ਤੇ ਯਕੀਨ ਨਾ ਕਰਨਾ ਕਿੱਥੋਂ ਤੱਕ ਜਾਇਜ਼ ਹੈ? ਕਾਨੂੰਨ ਅਤੇ ਵਿਵਸਥਾ ਦੇ ਮਾਮਲੇ ਵਿੱਚ ਹਕੀਕਤ 'ਤੇ ਡੂੰਘੇ ਵਿਚਾਰ ਦੀ ਜ਼ਰੂਰਤ ਹੈ। ਮੁਸ਼ਕਲ ਇਹ ਹੈ ਕਿ ਜੋ ਵਿਚਾਰ ਕਰ ਸਕਦੇ ਹਨ, ਉਨ੍ਹਾਂ ਦੀ ਕੋਈ ਸੁਣਦਾ ਨਹੀਂ ਅਤੇ ਜਿਨ੍ਹਾਂ ਦੀ ਸੁਣਦਾ ਹੈ, ਉਨ੍ਹਾਂ ਕੋਲ ਸਮਾਂ ਨਹੀਂ।

ਨਿਆਂ ਮਿਲਿਆ ਜਾਂ ਨਹੀਂ, ਇਸ 'ਤੇ ਵੋਟਾਂ ਨਹੀਂ ਮਿਲਦੀਆਂ। ਵਿਵਸਥਾ ਕਿਸ ਤਰ੍ਹਾਂ ਦੀ ਹੈ, ਇਸ ਦੇ ਮੱਦੇਨਜ਼ਰ ਜ਼ਰੂਰ ਸਰਕਾਰ ਦਾ ਅਕਸ ਬਣਦਾ ਜਾਂ ਵਿਗੜਦਾ ਹੈ। ਪੁਲਸ ਨੂੰ ਜਨਤਾ ਅਤੇ ਲੋਕ ਨੁਮਾਇੰਦਿਆਂ ਦਾ ਦਬਾਅ ਸਹਿਣਾ ਹੀ ਪਵੇਗਾ। ਉਸ ਨੂੰ ਨਿਆਂਪਾਲਿਕਾ ਦੀ ਤਰ੍ਹਾਂ ਵਿਧਾਨਕ ਸੁਰੱਖਿਆ ਪ੍ਰਾਪਤ ਨਹੀਂ ਹੈ। ਸਾਰੀ ਸਮੱਸਿਆ ਦੀ ਹੱਲ ਮਜ਼ਬੂਤ ਸਿਆਸੀ ਇੱਛਾ ਸ਼ਕਤੀ ਵਿੱਚ ਹੀ ਹੈ। ਜਿਨ੍ਹਾਂ ਦੇਸ਼ਾਂ ਨੇ ਕਾਨੂੰਨ ਦਾ ਰਾਜ ਕਾਨੂੰਨ ਦੇ ਦਮ 'ਤੇ ਸਥਾਪਤ ਕੀਤਾ ਹੈ, ਉਹੀ ਅੱਜ ਵਿਕਸਤ ਦੇਸ਼ ਹਨ। ਜੇ ਅਸੀਂ ਕੋਈ ਹਾਂ-ਪੱਖੀ ਤਬਦੀਲੀ ਚਾਹੁੰਦੇ ਹਾਂ ਤਾਂ ਸਾਨੂੰ ਵੀ ਉਨ੍ਹਾਂ ਦੇ ਰਾਹ 'ਤੇ ਤੁਰਨਾ ਹੀ ਪੈਣਾ ਹੈ।

# ਰਸੋਈ



## ਸ਼ਾਹੀ ਤਰੀ ਕੋਫਤਾ



ਕੋਫਤਿਆਂ ਲਈ ਸਮੱਗਰੀ; ਚਾਰ ਉਬਲੇ ਹੋਏ ਆਲੂ, ਅੱਧਾ ਕੱਪ ਬਰੀਕ ਕੱਟੀ ਪਾਲਕ, ਅੱਧਾ ਕੱਪ ਬਰੀਕ ਕੱਟਿਆ ਧਨੀਆ, ਅੱਧਾ ਕੱਪ ਬਰੀਕ ਕੱਟੀ ਮੇਥੀ, ਇੱਕ ਚਮਚ ਮਿਰਚ ਅਤੇ ਅਦਰਕ ਦਾ ਘੋਲ, ਇੱਕ ਚਮਚ ਗਰਮ ਮਸਾਲਾ, ਇੱਕ ਚਮਚ ਨਿੰਬੂ ਦਾ ਰਸ, ਨਮਕ ਸਵਾਦ ਅਨੁਸਾਰ, ਤਲਣ ਲਈ ਤੇਲ।

ਤਰੀ ਲਈ ਸਮੱਗਰੀ; ਦੋ ਪਿਆਜ਼ ਕੱਦੂਕਸ ਕੀਤੇ ਹੋਏ, ਇੱਕ ਕੱਪ ਤਾਜ਼ਾ ਦਹੀਂ, ਇੱਕ ਕੱਪ ਦੁੱਧ, ਦੋ ਚਮਚ ਤਾਜ਼ੀ ਕਰੀਮ, ਅੱਧਾ ਚਮਚ ਹਲਦੀ, ਅੱਧਾ ਚਮਚ ਚੀਨੀ, ਚਾਰ ਚਮਚ ਘਿਓ, ਨਮਕ ਸਵਾਦ ਅਨੁਸਾਰ।

ਬਣਾਉਣ ਦਾ ਤਰੀਕਾ-ਆਲੂਆਂ ਨੂੰ ਚੰਗੀ ਤਰ੍ਹਾਂ ਮਸਲੋ, ਤੇਲ ਨੂੰ ਛੱਡ ਕੇ ਬਾਕੀ ਬਚੀ ਸਾਰੀ ਸਮੱਗਰੀ ਪਾ ਕੇ ਚੰਗੀ ਤਰ੍ਹਾਂ ਮਿਲਾਓ ਅਤੇ ਲੰਮੇ ਗੋਲ ਆਕਾਰ ਦੇ ਕੋਫਤੇ ਬਣਾਓ ਅਤੇ ਤੇਲ ਵਿੱਚ ਤਲੋ।

ਤਰੀ ਬਣਾਉਣ ਦੀ ਵਿਧੀ- ਸਭ ਤੋਂ ਪਹਿਲਾਂ ਘਿਓ ਗਰਮ ਕਰੋ ਅਤੇ ਉਸ ਵਿੱਚ ਪਿਆਜ ਸੁਨਹਿਰੀ ਹੋਣ ਤੱਕ ਭੁੰਨੋ। ਲਸਣ ਅਤੇ ਅਦਰਕ ਦਾ ਘੋਲ ਬਣਾ ਕੇ ਪਾਓ ਤੇ ਫਿਰ ਕੁਝ ਸਮਾਂ ਹੋਰ ਭੁੰਨੋ। ਫਿਰ ਦਹੀਂ, ਦੁੱਧ ਕਰੀਮ, ਹਲਦੀ, ਚੀਨੀ ਅਤ ਨਮਕ ਮਿਲਾਓ।

ਪਰੋਸਣ ਦੀ ਵਿਧੀ- ਪਰੋਸਣ ਤੋਂ ਕੁਝ ਦੇਰ ਪਹਿਲਾਂ ਕੋਫਤਿਆਂ ਨੂੰ ਗਰਮ ਤਰੀ ਵਿੱਚ ਪਾਓ ਅਤੇ ਉਪਰੋਂ ਹਰੀ ਧਨੀਆ, ਭੁੰਨੇ ਹੋਏ ਕਾਜੂ ਬਦਾਮ ਤੇ ਖਸ ਖਸ ਨਾਲ ਸਜਾ ਕੇ ਗਰਮਾ ਗਰਮ ਪਰੋਸੋ।

## ਸਕਿਓਰਿਟੀ ਗਾਰਡ ਨੂੰ ਬੰਦੀ ਬਣਾ ਕੇ ਸ਼ੋਅਰੂਮ ਵਿੱਚ ਲੁੱਟ



ਲੁਧਿਆਣਾ, 14 ਜਨਵਰੀ (ਪੋਸਟ ਬਿਊਰੋ)- ਅੱਧੀ ਦਰਜ਼ਨ ਦੇ ਕਰੀਬ ਲੁਟੇਰਿਆਂ ਨੇ ਤੜਕੇ ਸਾਢੇ ਤਿੰਨ ਵਜੇ ਢੰਡਾਰੀ ਕਲਾਂ ਦੇ ਬੈਂਚ ਮਾਰਕ ਮੋਟਰਜ਼ ਕੰਪਨੀ ਦੇ ਸ਼ੋਅਰੂਮ ਵਿੱਚ ਸਕਿਓਰਿਟੀ ਗਾਰਡ ਨੂੰ ਕਮਰੇ ਵਿੱਚ ਬੰਦ ਕਰ ਦਿੱਤਾ ਤੇ ਸ਼ੀਸ਼ਾ ਤੋੜ ਕੇ ਅੰਦਰ ਦਾਖ਼ਲ ਹੋ ਗਏ। ਬਦਮਾਸ਼ਾਂ ਨੇ ਸ਼ੋਅਰੂਮ ਦੇ ਅੰਦਰੋਂ ਦੋ ਐਲ ਈ ਡੀ, ਲੈਪਟਾਪ, ਸੀ ਪੀ ਯੂ ਡਿਸਕ ਟੌਪ ਅਤੇ ਕੈਬਿਨ ਵਿੱਚੋਂ ਕਵਿੱਡ ਕਾਰ ਦੀਆਂ ਚਾਬੀਆਂ ਚੋਰੀ ਕਰ ਲਈਆਂ।
ਇਸ ਕੇਸ ਸਬੰਧੀ ਚੰਡੀਗੜ੍ਹ ਰੋਡ ਦੇ ਬੱਤੀ ਸੈਕਟਰ ਦੇ ਵਾਸੀ ਨੀਰਜ ਬਾਂਸਲ ਨੇ ਦੱਸਿਆ ਕਿ ਉਹ ਸਾਲ 2016 ਤੋਂ ਬੈਂਚ ਮਾਰਕਾ ਮੋਟਰਜ ਪਿੰਡ ਢੰਡਾਰੀ ਕਲਾਂ ਵਿੱਚ ਬਤੌਰ ਵਾਈਸ ਪ੍ਰੈਜ਼ੀਡੈਂਟ ਕੰਮ ਕਰ ਰਹੇ ਹਨ। ਤੜਕੇ ਚਾਰ ਵਜੇ ਦੇ ਕਰੀਬ ਉਨ੍ਹਾਂ ਨੂੰ ਪਿੰਡ ਅਲੂਣਾ ਦੇ ਸਕਿਓਰਿਟੀ ਗਾਰਡ ਸੁਖਪ੍ਰੀਤ ਸਿੰਘ ਦਾ ਫੋਨ ਆਇਆ ਕਿ ਅੱਧੀ ਦਰਜ਼ਨ ਦੇ ਕਰੀਬ ਬਦਮਾਸ਼ਾਂ ਨੇ ਸ਼ੋਅਰੂਮ ਅੰਦਰ ਦਾਖ਼ਲ ਹੋ ਕੇ ਵਾਰਦਾਤ ਕੀਤੀ ਹੈ। ਇਹ ਜਾਣਕਾਰੀ ਮਿਲਣ ਪਿੱਛੋਂ ਨੀਰਜ ਬਾਂਸਲ ਮੌਕੇ 'ਤੇ ਪਹੁੰਚੇ ਤਾਂ ਸਕਿਓਰਿਟੀ ਗਾਰਡ ਸੁਖਪ੍ਰੀਤ ਨੇ ਨੀਰਜ ਨੂੰ ਦੱਸਿਆ ਕਿ ਸਾਢੇ ਤਿੰਨ ਵਜੇ ਦੋ ਦਰਜ਼ਨ ਦੇ ਕਰੀਬ ਨੌਜਵਾਨ ਸ਼ੋਅਰੂਮ ਦੀ ਗਰਿਲ ਟੱਪ ਕੇ ਅੰਦਰ ਦਾਖ਼ਲ ਹੋਏ ਤੇ ਉਸ ਨੂੰ ਕੰਪਨੀ ਦੇ ਬਾਹਰੇ ਕਮਰੇ ਵਿੱਚ ਹੀ ਨਜ਼ਰਬੰਦ ਕਰ ਦਿੱਤਾ। ਬਦਮਾਸ਼ਾਂ ਨੇ ਅੰਦਰੋਂ ਚੋਰੀ ਕੀਤੀ ਅਤੇ ਫਰਾਰ ਹੋ ਗਏ। ਨੀਰਜ ਬਾਂਸਲ ਨੇ ਇਸ ਬਾਰੇ ਥਾਣਾ ਸਾਹਨੇਵਾਲ ਦੀ ਪੁਲਸ ਨੂੰ ਸੂਚਨਾ ਦਿੱਤੀ ਤਾਂ ਏ ਐਸ ਆਈ ਬਲਜੀਤ ਸਿੰਘ ਮੌਕੇ ਤੇ ਪਹੁੰਚੇ। ਪੁਲਸ ਦਾ ਕਹਿਣਾ ਹੈ ਕਿ ਇਸ ਬਾਰੇ ਨੀਰਜ ਬਾਂਸਲ ਦੇ ਬਿਆਨਾਂ ਉਪਰ ਅਣਪਛਾਤੇ ਬਦਮਾਸ਼ਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ।

## ਪੰਜਾਬ ਵਿੱਚ ਕਾਂਗਰਸ ਬਚਾਉਣੀ ਹੈ ਤਾਂ ਕੈਪਟਨ ਮੁਕਤ ਕਰ ਦਿਓ: ਬਾਜਵਾ



ਜਲੰਧਰ, 14 ਜਨਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਬਿਜਲੀ ਰੇਟਾਂ ਬਾਰੇ ਸਿਆਸਤ ਲਗਾਤਾਰ ਗਰਮਾ ਰਹੀ ਹੈ। ਇਸ ਵਿੱਚ ਜਿੱਥੇ ਅਕਾਲੀ ਦਲ ਕਾਂਗਰਸ ਸਰਕਾਰ ਨੂੰ ਜ਼ਿੰਮੇਵਾਰ ਦੱਸਦਾ ਹੈ, ਉਥੇ ਕਾਂਗਰਸ ਸਰਕਾਰ ਇਸ ਦਾ ਦੋਸ਼ ਪਿਛਲੀ ਅਕਾਲੀ-ਭਾਜਪਾ 'ਤੇ ਮੜ੍ਹ ਰਹੀ ਹੈ। ਆਮ ਆਦਮੀ ਪਾਰਟੀ ਦੋਵੇਂ ਧਿਰਾਂ ਨੂੰ ਜ਼ਿੰਮੇਵਾਰ ਦੱਸਦੀ ਹੈ।
ਕਾਂਗਰਸ ਪਾਰਟੀ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਇਸ ਮੁੱਦੇ 'ਤੇ ਪੁੱਛਿਆ ਗਿਆ ਤਾਂ ਉਨ੍ਹਾਂ ਪੰਜਾਬ ਦੀ ਕੈਪਟਨ ਸਰਕਾਰ ਅਤੇ ਅਕਾਲੀ ਦਲ 'ਤੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਬਿਜਲੀ ਮਾਮਲੇ 'ਚ ਅਕਾਲੀਆਂ ਦਾ ਹਾਲ 'ਉਲਟਾ ਚੋਰ ਕੋਤਵਾਲ ਨੂੰ ਡਾਂਟੇ' ਵਾਲਾ ਹੈ। ਪੂਰਾ ਪੰਜਾਬ ਅਕਾਲੀ ਦਲ ਦੀਆਂ ਗਲਤੀਆਂ ਦਾ ਖਮਿਆਜ਼ਾ ਭੁਗਤ ਰਿਹਾ ਹੈ। ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਕਿ ਜਦੋਂ ਤੱਕ ਨੌਜਵਾਨਾਂ ਨੂੰ ਰੋਜ਼ਗਾਰ ਨਹੀਂ ਮਿਲਦਾ, ਉਦੋਂ ਤੱਕ ਮੈਂ ਸਿਆਸਤ ਨਹੀਂ ਛੱਡਾਂਗਾ, ਉੱਤੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਇਸ ਲਈ ਕੈਪਟਨ ਨੂੰ 1000 ਸਾਲ ਤੱਕ ਜਿਊਣਾ ਪਵੇਗਾ, ਉਨ੍ਹਾਂ ਦਾ ਇਹ ਸੁਫਨਾ ਦੋ ਸਾਲ ਵਿੱਚ ਪੂਰਾ ਨਹੀਂ ਹੋ ਸਕਣਾ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਦੀ ਸੁਹੰ ਖਾ ਕੇ ਜਿੰਨੇ ਵਾਅਦੇ ਕੀਤੇ ਸਨ, ਉਨ੍ਹਾਂ 'ਚੋਂ ਅਜੇ ਤੱਕ ਕੋਈ ਪੂਰਾ ਨਹੀਂ ਕੀਤਾ ਅਤੇ ਮੈਂ ਕੈਪਟਨ ਨਾਲ ਓਦੋਂ ਤੱਕ ਨਹੀਂ ਚੱਲਾਂਗਾ ਜਦੋਂ ਤੱਕ ਉਹ ਵਾਅਦੇ ਪੂਰੇ ਨਹੀਂ ਕਰਦੇ। ਪੰਜਾਬ ਵਿੱਚ ਕਾਂਗਰਸ ਅਤੇ ਅਕਾਲੀ ਦਲ ਦੇ ਭਵਿੱਖ ਬਾਰੇ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਇਸ ਸਮੇਂ ਦੋਵਾਂ ਪਾਰਟੀਆਂ ਦੀ ਲੀਡਰਸ਼ਿਪ ਤੋਂ ਮਾਯੂਸ ਹਨ। ਜੇ ਦੋਵਾਂ ਪਾਰਟੀਆਂ ਵਿੱਚ ਨਵੇਂ ਚਿਹਰਿਆਂ ਨੂੰ ਅੱਗੇ ਲਿਆਂਦਾ ਜਾਵੇ ਤਾਂ ਇਨ੍ਹਾਂ ਦੋਵਾਂ ਦੀ ਹੋਂਦ ਕਾਇਮ ਰਹਿ ਸਕਦੀ ਹੈ।
ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਜਵਾਹਰ ਲਾਲ ਨਹਿਰੂ ਦੀ ਮਦਦ ਨਾਲ ਭਾਖੜਾ ਡੈਮ ਲਿਆਏ ਸਨ। ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਕਰੀਬ 3000 ਮੈਗਾਵਾਟ ਬਿਜਲੀ ਪੈਦਾ ਕਰਦਾ ਹੈ, ਜਿਹੜੀ 24 ਪੈਸੇ ਯੂਨਿਟ ਪੈਂਦੀ ਹੈ। ਸਾਨੂੰ ਪੂਰੇ ਹਿੰਦੁਸਤਾਨ 'ਚ ਸਾਢੇ ਚਾਰ ਰੁਪਏ ਸੈਂਟਰਲ ਗਰਿੱਡ ਤੋਂ ਬਿਜਲੀ ਮਿਲਦੀ ਹੈ, ਪਰ ਅਸੀਂ ਗੋਇੰਦਵਾਲ ਸਾਹਿਬ ਥਰਮਲ ਪਲਾਂਟ ਤੋਂ 9 ਰੁਪਏ ਪ੍ਰਤੀ ਯੂਨਿਟ ਬਿਜਲੀ ਲੈਂਦੇ ਰਹੇ ਹਾਂ, ਜੋ ਸਰਾਸਰ ਲੁੱਟ ਹੈ। ਇਸ ਸੰਬੰਧ ਵਿੱਚ ਸੁਖਬੀਰ ਸਿੰਘ ਬਾਦਲ ਵੱਲੋਂ ਇਸ ਦੀ ਸੀ ਬੀ ਆਈ ਜਾਂਚ ਕਰਵਾਉਣ ਦੀ ਗੱਲ ਉੱਤੇ ਉਨ੍ਹਾਂ ਕਿਹਾ ਕਿ ਸੀ ਬੀ ਆਈ ਜਾਂਚ ਦੀ ਲੋੜ ਨਹੀਂ। ਆਉਂਦੇ ਵਿਧਾਨ ਸਭਾ ਸੈਸ਼ਨ ਵਿੱਚ ਪੰਜਾਬ ਸਰਕਾਰ ਇਸ 'ਤੇ ਵ੍ਹਾਈਟ ਪੇਪਰ ਜਾਰੀ ਕਰ ਕੇ ਲੋਕਾਂ ਨੂੰ ਦੱਸੇ ਕਿ ਕਿਵੇਂ ਇਨ੍ਹਾਂ ਨੇ ਪੰਜਬਾ ਦੇ ਲੋਕਾਂ ਨਾਲ ਲੁੱਟ ਕੀਤੀ, ਨਾਲ ਤਿੰਨੇ ਵੱਡੇ ਥਰਮਲ ਪਲਾਂਟਾਂ ਨਾਲ ਹੋਏ ਵਾਅਦਿਆਂ ਦਾ ਟੈਕਨੋ ਆਡਿਟ ਕਰਵਾਇਆ ਜਾਵੇ।

## ਅਕਾਲੀ ਆਗੂਆਂ ਵੱਲੋਂ ਦੋਸ਼, ਢੀਂਡਸਾ ਪਿਤਾ-ਪੁੱਤਰ ਨੂੰ ਕਾਂਗਰਸ ਪਿਆਦਿਆਂ ਵਾਂਗ ਵਰਤਦੀ ਹੈ

ਚੰਡੀਗੜ੍ਹ, 14 ਜਨਵਰੀ (ਪੋਸਟ ਬਿਊਰੋ)- ਅਕਾਲੀ ਦਲ ਦੇ ਕੁਝ ਆਗੂਆਂ ਨੇ ਕੱਲ੍ਹ ਇਥੇ ਕਿਹਾ ਕਿ ਅਕਾਲੀ ਦਲ ਨਾਲ ਲੜਾਈ ਵਿੱਚ ਜਿਸ ਫੁਰਤੀ ਨਾਲ ਕਾਂਗਰਸ ਦੇ ਮੰਤਰੀ ਪਾਰਲੀਮੈਂਟ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਉਸ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਦੇ ਸਮਰਥਨ ਲਈ ਅੱਗੇ ਆਏ ਹਨ, ਉਸ ਤੋਂ ਸਾਬਤ ਹੁੰਦਾ ਹੈ ਕਿ ਸਭ ਥਾਂਈਂ ਅਸਫਲ ਰਹਿਣ ਦੇ ਬਾਵਜੂਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੇ ਲਈ ਦੋਵਾਂ ਢੀਂਡਸਿਆਂ ਨੂੰ ਪਿਆਦਿਆਂ ਦੇ ਰੂਪ ਵਿੱਚ ਇਸਤੇਮਾਲ ਕੀਤਾ ਜਾ ਰਿਹਾ ਹੈ।
ਕੱਲ੍ਹ ਏਥੇ ਅਕਾਲੀ ਦਲ ਦੇ ਨੇਤਾਵਾਂ ਬਲਵਿੰਦਰ ਸਿੰਘ ਭੂੰਦੜ ਅਤੇ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸੁਖਦੇਵ ਸਿੰਘ ਢੀਂਡਸਾ ਤੇ ਮੁੱਖ ਮੰਤਰੀ ਦੀ ਨੇੜਤਾ ਪਿੱਛੇ ਜਿਹੇ ਦੋਵਾਂ ਦੀ ਡਿਨਰ ਮੀਟਿੰਗ ਤੋਂ ਸਪੱਸ਼ਟ ਹੋਈ ਸੀ। ਉਨ੍ਹਾਂ ਨੇ ਕਿਹਾ ਕਿ ਅੱਜ ਕਾਂਗਰਸੀ ਮੰਤਰੀਆਂ ਵੱਲੋਂ ਢੀਂਡਸਾ ਪਰਵਾਰ ਦੇ ਬੁਲਾਰਿਆਂ ਵਾਂਗ ਡਿਊਟੀਆਂ ਸੰਭਾਲਣ ਤੋਂ ਸਪੱਸ਼ਟ ਹੈ ਕਿ ਉਹ ਮਿਲੀਭੁਗਤ ਨਾਲ ਕੰਮ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਢੀਂਡਸਾ ਗਰੁੱਪ, ਜਿਸ ਵਿੱਚ ਸਿਰਫ ਢੀਂਡਸਾ ਦਾ ਬੇਟਾ ਪਰਮਿੰਦਰ ਸਿੰਘ ਜਵਾਈ ਅਤੇ ਤੇਜਿੰਦਰਪਾਲ ਸਿੰਘ ਸਿੱਧੂ ਸ਼ਾਮਲ ਹਨ, ਦਾ ਪੰਥਕ ਵੋਟਾਂ ਵੰਡਣ ਦੇ ਇੱਕੋ ਮਕਸਦ ਨਾਲ ਕਾਂਗਰਸ ਪਾਰਟੀ ਵੱਲੋਂ ਸਮਰਥਨ ਕੀਤਾ ਗਿਆ ਹੈ। ਇਨ੍ਹਾਂ ਸੀਨੀਅਰ ਨੇਤਾਵਾਂ ਨੇ ਕਿਹਾ ਕਿ ਅਕਾਲੀ ਦਲ ਦੇ ਸਾਰੇ ਨੇਤਾ ਤੇ ਵਰਕਰ ਚੱਟਾਨ ਵਾਂਗ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਲ ਖੜ੍ਹੇ ਹਨ। ਸੱਚਾਈ ਇਹ ਹੈ ਕਿ ਢੀਂਡਸਾ ਗੁੱਟ ਵਿੱਚ ਸ਼ਾਮਲ ਹੋਣ ਦੇ ਲਈ ਕਿਸੇ ਨੇ ਵੀ ਅਕਾਲੀ ਦਲ ਨਹੀਂ ਛੱਡਿਆ।

## ਚੈਨਲ ਨੇ ਕਿਹਾ, ਗੁਰਬਾਣੀ 'ਤੇ ਸਾਡੇ ਬੌਧਿਕ ਅਧਿਕਾਰ ਦਾ ਪ੍ਰਚਾਰ ਗੁਮਰਾਹਕੁੰਨ

ਜਲੰਧਰ, 14 ਜਨਵਰੀ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਪ੍ਰਸਾਰਤ ਹੁੰਦੇ ਹੁਕਮਨਾਮੇ ਦੇ ਵਿਵਾਦ ਬਾਰੇ ਪੀ ਟੀ ਸੀ ਨੈੱਟਵਰਕ ਦੇ ਪ੍ਰੈਜ਼ੀਡੈਂਟ ਅਤੇ ਮੈਨੇਜਿੰਗ ਡਾਇਰੈਕਟਰ ਰਬਿੰਦਰ ਨਰਾਇਣ ਨੇ ਕਿਹਾ ਕਿ ਗੁਰਬਾਣੀ 'ਤੇ ਸਾਡਾ ਬੌਧਿਕ ਹੱਕ ਹੋਣ ਦਾ ਕੀਤਾ ਜਾਂਦਾ ਪ੍ਰਚਾਰ ਗੁਮ-ਰਾਹਕੁਨ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਜਾਂ ਹੁਕਮਨਾਮੇ ਉਤੇ ਪੀ ਟੀ ਸੀ ਦੇ ਹੱਕ ਦੀ ਗੱਲ ਨਾ ਅਸੀਂ ਕਦੇ ਕਹੀ ਤੇ ਨਾ ਇਹ ਗੱਲ ਸਹੀ ਹੈ। ਉਨ੍ਹਾਂ ਕਿਹਾ ਕਿ ਸਾਡਾ ਹੱਕ ਸ੍ਰੀ ਹਰਿਮੰਦਰ ਸਾਹਿਬ ਤੋਂ ਹੋਣ ਵਾਲੇ ਪ੍ਰਸਾਰਨ ਦੇ ਸਿਗਨਲ ਉਤੇ ਹੈ। ਇਹ ਹੱਕ ਸਾਨੂੰ 1998 ਵਿੱਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਪ੍ਰਧਾਨ ਹੋਮ ਸਮੇਂ ਸ਼੍ਰੋਮਣੀ ਕਮੇਟੀ ਨਾਲ ਹੋਏ ਇਕਰਾਰ ਰਾਹੀਂ ਮਿਲਿਆ ਸੀ।
ਰਾਬਿੰਦਰ ਨਰਾਇਣ ਨੇ ਦੱਸਿਆ ਕਿ ਪੀ ਟੀ ਸੀ ਹਰ ਸਾਲ ਇਸ ਸਮਝੌਤੇ ਹੇਠ ਫੀਸ ਜਮ੍ਹਾਂ ਕਰਾਉਂਦੀ ਹੈ ਅਤੇ ਇਸ ਸਾਲ ਇੱਕ ਕਰੋੜ 70 ਲੱਖ ਰੁਪਏ ਜਮ੍ਹਾਂ ਕਰਵਾਏ ਹਨ। ਇਸ ਤੋਂ ਇਲਾਵਾ ਕਰੀਬ ਚਾਰ ਕਰੋੜ ਰੁਪਏ ਦਾ ਏਅਰ ਟਾਈਮ ਸ਼੍ਰੋਮਣੀ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਸਮਾਗਮਾਂ ਦਾ ਦੁਨੀਆ ਭਰ 'ਚ ਪ੍ਰਸਾਰਨ ਲਈ ਵੱਖਰਾ ਦਿੱਤਾ ਜਾਂਦਾ ਹੈ। ਕੁਝ ਮੀਡੀਆ ਵੱਲੋਂ ਬੌਧਿਕ ਜਾਇਦਾਦ ਬਾਰੇ ਦਿਖਾਏ ਗਏ ਸ਼ਾਟ ਸਕਰੀਨਾਂ ਬਾਰੇ ਉਨ੍ਹਾਂ ਕਿਹਾ ਕਿ ਕਿਸੇ ਸ਼ਿਕਾਇਤ ਬਾਰੇ ਫੇਸਬੁੱਕ ਦਾ ਸਟੈਂਡਰਡ ਰਿਸਪਾਂਸ ਇਹੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਪਿਛਲੇ 20 ਸਾਲ ਤੋਂ ਗੁਰਬਾਣੀ ਪ੍ਰਸਾਰਨ ਦੀ ਸੇਵਾ ਵਿੱਚ ਲੱਗੇ ਹੋਏ ਹਾਂ ਅਤੇ ਪਵਿੱਤਰ ਬਾਣੀ ਦੀ ਮਰਿਆਦਾ ਦੇ ਘਾਣ ਬਾਰੇ ਸੋਚ ਵੀ ਨਹੀਂ ਸਕਦੇ। ਇਸ ਮੌਕੇ ਰਾਬਿੰਦਰ ਨਰਾਇਣ ਨੇ ਸਪੱਸ਼ਟ ਕੀਤਾ ਕਿ ਗੁਰਬਾਣੀ ਦੇ ਪ੍ਰਸਾਰ ਲਈ ਸ਼੍ਰੋਮਣੀ ਕਮੇਟੀ ਅਤੇ ਪੀ ਟੀ ਸੀ ਦੀ ਸਾਈਟ 'ਤੇ ਮੌਜੂਦ ਲਿੰਕ ਨੂੰ ਕੋਈ ਵੀ ਜਦੋਂ ਚਾਹੇ ਸ਼ੇਅਰ ਕਰ ਸਕਦਾ ਹੈ, ਸਾਨੂੰ ਕੋਈ ਇਤਰਾਜ਼ ਨਹੀਂ। ਉਨ੍ਹਾਂ ਸਪੱਸ਼ਟ ਕੀਤਾ ਕਿ ਸਾਡਾ ਇਤਰਾਜ਼ ਸਿਰਫ਼ ਕੁਝ ਉਨ੍ਹਾਂ ਲੋਕਾਂ 'ਤੇ ਹੈ ਜੋ ਸਾਡੇ ਸਿਗਨਲ ਨੂੰ ਚੋਰੀ ਕਰਕੇ ਆਪਣਾ ਬਣਾ ਕੇ ਨਿੱਜੀ ਵਪਾਰਕ ਹਿੱਤ ਪੂਰਨ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਬਹੁਤ ਸਮਾਂ ਪਹਿਲਾਂ ਅਜਿਹੇ ਕੁਝ ਲੋਕ ਹਾਈ ਕੋਰਟ ਵਿੱਚ ਗਏ ਸਨ, ਪਰ ਹਾਈ ਕੋਰਟ ਨੇ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਸਮਝੌਤੇ ਨੂੰ ਸਹੀ ਮੰਨਿਆ ਸੀ। ਉਨ੍ਹਾਂ ਸ਼੍ਰੋਮਣੀ ਕਮੇਟੀ ਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਕਿ ਉਹ ਸਿਗਨਲ ਚੋਰੀ ਕਰਕੇ ਵੱਡੀ ਦੁਰਵਰਤੋਂ ਹੀ ਨਹੀਂ ਸਗੋਂ ਗੁਰਬਾਣੀ ਦੀ ਬੇਅਦਬੀ ਕਰਨ ਵਾਲੇ ਅਜਿਹੇ ਲੋਕਾਂ ਖਿਲਾਫ਼ ਕਾਰਵਾਈ ਕਰਨ।

## ਸ਼ਿਵ ਸੈਨਾ ਆਗੂ ਸਣੇ ਚਹੁੰ ਖ਼ਿਲਾਫ਼ ਇਰਾਦਾ ਕਤਲ ਦਾ ਕੇਸ ਦਰਜ

ਬਟਾਲਾ, 14 ਜਨਵਰੀ (ਪੋਸਟ ਬਿਊਰੋ)- ਕੁੱਟਮਾਰ ਦੇ ਮਾਮਲੇ ਵਿੱਚ ਥਾਣਾ ਸਿਟੀ ਪੁਲਸ ਨੇ ਸ਼ਿਵ ਸੈਨਾ ਹਿੰ-ਦੁਸਤਾਨ ਦੇ ਆਗੂ ਸਣੇ ਚਾਰ ਜਣਿਆਂ ਖ਼ਿਲਾਫ਼ ਇਰਾਦਾ ਕਤਲ ਅਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਥਾਣਾ ਸਿਟੀ ਬਟਾਲਾ ਦੇ ਏ ਐਸ ਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਇਸ ਕੁੱਟਮਾਰ ਦਾ ਸ਼ਿਕਾਰ ਹੋਏ ਅਸ਼ਵਨੀ ਕੁਮਾਰ ਵਾਸੀ ਨਹਿਰੂ ਗੇਟ ਬਟਾਲਾ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੀ ਕਾਰ 'ਤੇ ਬੋਦੇ ਦੀ ਖੂਹੀ ਤੋਂ ਆਪਣੇ ਘਰ ਆ ਰਿਹਾ ਸੀ। ਜਦੋਂ ਹਾਥੀ ਗੇਟ ਨੇੜੇ ਪੁੱਜਿਆ ਤਾਂ ਸ਼ਿਵ ਸੈਨਾ ਆਗੂ ਰਾਜਾ ਵਾਲੀਆਂ ਸਣੇ ਚਾਰ ਜਣਿਆਂ ਨੇ ਉਸ ਦੀ ਕਾਰ ਨੂੰ ਘੇਰ ਕੇ ਰੋਕ ਲਿਆ ਅਤੇ ਉਸ ਨੂੰ ਕਾਰ ਵਿੱਚੋਂ ਬਾਹਰ ਕੱਢ ਕੇ ਕੁੱਟਮਾਰ ਕੀਤੀ। ਰਾਜਾ ਵਾਲੀਆਂ ਨੇ ਆਪਣੇ ਪਿਸਤੌਲ ਦੇ ਬੱਟ ਨਾਲ ਉਸ ਦੇ ਸਿਰ 'ਤੇ ਵਾਰ ਕੀਤੇ, ਜਿਸ ਕਾਰਨ ਉਹ ਜ਼ਖ਼ਮੀ ਹੋ ਗਿਆ। ਇਸ ਦੌਰਾਨ ਹਮਲਾਵਰਾਂ ਨੇ ਉਸ ਨੂੰ ਜਾਤੀ ਸੂਚਕ ਸ਼ਬਦ ਬੋਲੇ ਅਤੇ ਉਸ ਦੀ ਕੁੱਟਮਾਰ ਕਰਦਿਆਂ ਜ਼ਖ਼ਮੀ ਹਾਲਤ ਵਿੱਚ ਉਸ ਦੀ ਖਿੱਚ-ਧੂਹ ਕਰਦਿਆਂ ਅੱਚਲੀ ਗੇਟ ਲੈ ਗਏ ਅਤੇ ਉਸ ਦੀ ਕੁੱਟਮਾਰ ਕੀਤੀ। ਪੁਲਸ ਨੇ ਮੌਕੇ 'ਤੇ ਪੁੱਜ ਕੇ ਉਸ ਦੀ ਜਾਨ ਬਚਾਈ ਅਤੇ ਜ਼ਖਮੀ ਅਸ਼ਵਨੀ ਕੁਮਾਰ ਦੇ ਬਿਆਨਾਂ ਦੇ ਆਧਾਰ 'ਤੇ ਰਾਜਾ ਵਾਲੀਆਂ, ਲੱਕੀ, ਬੱਗੀ ਅਤੇ ਸਿਕੰਦਰ ਸਾਰੇ ਵਾਸੀ ਬਟਾਲਾ ਖ਼ਿਲਾਫ਼ ਇਰਾਦਾ ਕਤਲ, ਐਸ ਸੀ ਐਸ ਟੀ ਐਕਟ ਅਤੇ ਅਸਲਾ ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ।

## ਬੇਟੀ ਨੂੰ ਕੈਨੇਡਾ ਦੀ ਪੀ ਆਰ ਨਾ ਮਿਲੀ ਅਧਿਆਪਕਾ ਨੇ ਖ਼ੁਦਕੁਸ਼ੀ ਕਰ ਲਈ



ਖੰਨਾ, 14 ਜਨਵਰੀ (ਪੋਸਟ ਬਿਊਰੋ)- ਕੈਨੇਡਾ ਗਈ ਬੇਟੀ ਬਾਰੇ ਕੈਮਿਸਟਰੀ ਦੀ ਟੀਚਰ ਡਿਪ੍ਰੈਸ਼ਨ ਵਿੱਚ ਸੀ। ਉਸ ਨਾਲ ਸਵੇਰੇ ਚਾਰ ਵਜੇ ਗੱਲ ਕਰਨ ਦੇ ਬਾਅਦ ਟੀਚਰ ਅੰਜਲੀ ਚਮ ਨੇ ਪਤੀ ਦੀ ਰਿਵਾਲਵਰ ਨਾਲ ਖੁਦ ਨੂੰ ਗੋਲੀ ਮਾਰ ਕੇ ਜਾਨ ਦੇ ਦਿੱਤੀ ਹੈ। ਉਹ ਏ ਐਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਵਿੱਚ ਕੈਮਿਸਟਰੀ ਪੜ੍ਹਾਉਂਦੀ ਸੀ ਤੇ ਗੁਲਮੋਹਰ ਨਗਰ ਗਲੀ ਨੰਬਰ ਤਿੰਨ ਵਿੱਚ ਰਹਿੰਦੀ ਸੀ।
ਮ੍ਰਿਤਕਾ ਦੇ ਪਤੀ ਧਰਮਿੰਦਰ ਸਿੰਘ ਦੇ ਅਨੁਸਾਰ ਦੋ ਸਾਲ ਪਹਿਲਾਂ ਉਸ ਦੀ ਬੇਟੀ ਸਟੱਡੀ ਵੀਜ਼ਾ 'ਤੇ ਕੈਨੇਡਾ ਗਈ ਸੀ, ਪਰ ਉਸ ਨੂੰ ਪੀ ਆਰ ਨਹੀਂ ਮਿਲ ਰਹੀ ਸੀ। ਇਸੇ ਬਾਰੇ ਉਸ ਦੀ ਪਤਨੀ ਪਰੇਸ਼ਾਨ ਰਹਿਣ ਲੱਗੀ। ਉਸ ਦਾ ਇਲਾਜ ਪਟਿਆਲਾ ਦੇ ਹਸਪਤਾਲ ਵਿੱਚ ਚੱਲ ਰਿਹਾ ਸੀ। ਰਾਤ ਇੱਕ ਪਾਰਟੀ ਲਈ ਦੋਵਾਂ ਨੇ ਜਾਣਾ ਸੀ, ਪਰ ਐਨ ਸਮੇਂ 'ਤੇ ਪਤਨੀ ਨੇ ਜਾਣ ਤੋਂ ਮਨ੍ਹਾ ਕਰ ਦਿੱਤਾ। ਉਹ ਉਸ ਸਮੇਂ ਸਮਝ ਨਹੀਂ ਸਕੇ ਕਿ ਅੰਜਲੀ ਦੇ ਮਨ ਵਿੱਚ ਕੀ ਚੱਲਦਾ ਹੈ। ਰਾਤ ਪਾਰਟੀ ਤੋਂ ਮੁੜਨ ਦੇ ਬਾਅਦ ਪਤਨੀ ਨਾਲ ਡਿਨਰ ਕਰਨ ਦੇ ਬਾਅਦ ਕੁਝ ਦੇਰ ਗੱਲਾਂ ਕੀਤੀਆਂ। ਸਵੇਰੇ ਟਿਊਸ਼ਨ ਪੜ੍ਹਨ ਵਾਲੇ ਵਿਦਿਆਰਥੀ ਉਨ੍ਹਾਂ ਦੇ ਘਰ ਦਰਵਾਜ਼ਾ ਖੜਕਾ ਰਹੇ ਸਨ, ਉਨ੍ਹਾਂ ਨੇ ਪਤਨੀ ਨੂੰ ਆਵਾਜ਼ ਦੇ ਕੇ ਦਰਵਾਜ਼ਾ ਖੋਲ੍ਹਣ ਨੂੰ ਕਿਹਾ, ਜਦ ਕੋਈ ਜਵਾਬ ਨਾ ਮਿਲਿਆ ਤਾਂ ਉਨ੍ਹਾਂ ਨੇ ਦੇਖਿਆ ਤਾਂ ਡਰਾਇੰਗ ਰੂਮ ਵਿੱਚ ਪਤਨੀ ਨੇ ਉਨ੍ਹਾਂ ਦੀ ਰਿਵਾਲਵਰ ਨਾਲ ਖੁਦ ਨੂੰ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ ਸੀ।

## ਗੁੰਮਸ਼ੁਦਾ ਦੇ ਪੋਸਟਰ ਲੱਗੇ ਤਾਂ ਸਨੀ ਦਿਓਲ ਫੇਸਬੁਕ ਉੱਤੇ ਨਜ਼ਰ ਆਏ

ਪਠਾਨਕੋਟ, 14 ਜਨਵਰੀ (ਪੋਸਟ ਬਿਊਰੋ)- ਪਠਾਨਕੋਟ ਵਿੱਚ ਗੁੰਮਸ਼ੁਦਗੀ ਦੇ ਪੋਸਟਰ ਲੱਗਣ ਦੇ ਬਾਅਦ ਪਾਰਲੀਮੈਂਟ ਦੇ ਮੈਂਬਰ ਸੰਨੀ ਦਿਓਲ ਨੇ ਕੱਲ੍ਹ ਫੇਸਬੁਕ ਅਕਾਊਂਟ 'ਤੇ ਵੀਡੀਓ ਜਾਰੀ ਕੀਤਾ ਅਤੇ ਲੋਹੜੀ ਦੇ ਬਹਾਨੇ ਆਪਣੇ ਵਿਰੋਧੀਆਂ ਨੂੰ ਬੇਤੁਕੀਆਂ ਗੱਲਾਂ ਨਾ ਕਰਨ ਦੀ ਨਸੀਹਤ ਵੀ ਦਿੱਤੀ ਹੈ।
ਪਾਰਲੀਮੈਂਟ ਮੈਂਬਰ ਸੰਨੀ ਦਿਓਲ ਨੇ ਸਲਾਹ ਦਿੱਤੀ ਹੈ ਕਿ ਵਿਰੋਧੀ ਆਗੂ ਉਨ੍ਹਾਂ ਨਾਲ ਜੁੜ ਜਾਣ, ਕਿਉਂਕਿ ਉਹ ਪਠਾਨਕੋਟ ਦਾ ਵਿਕਾਸ ਕਰਨ ਲਈ ਆਏ ਹਨ। ਕੱਲ੍ਹ ਪਾਰਲੀਮੈਂਟ ਮੈਂਬਰ ਨੇ ਦੋ ਮਿੰਟ ਦਾ ਵੀਡੀਓ ਆਪਣੇ ਫੇਸਬੁਕ ਅਕਾਊਂਟ 'ਤੇ ਅਪਲੋਡ ਕੀਤਾ। ਰਾਤ ਤੱਕ ਕਰੀਬ ਸੱਤਰ ਹਜ਼ਾਰ ਲੋਕਾਂ ਨੇ ਇਸ ਨੂੰ ਦੇਖਿਆ ਅਤੇ ਇੱਕ ਹਜ਼ਾਰ ਲੋਕਾਂ ਨੇ ਟਿੱਪਣੀਆਂ ਕੀਤੀਆਂ। ਪਾਰਲੀਮੈਂਟ ਮੈਂਬਰ ਬਣਨ ਦੇ ਬਾਅਦ ਸਨੀ ਦਿਓਲ ਬੀਤੇ ਅੱਠ ਮਹੀਨਿਆਂ ਵਿੱਚ ਇੱਕ ਵੀ ਜਨਤਕ ਪ੍ਰੋਗਰਾਮ ਵਿੱਚ ਨਹੀਂ ਪਹੁੰਚੇ। ਅੱਠ ਮਹੀਨੇ ਵਿੱਚ ਬੜੀ ਮੁਸ਼ਕਲ ਅੱਠ ਦਿਨ ਉਨ੍ਹਾਂ ਨੇ ਪਠਾਨਕੋਟ ਵਿੱਚ ਗੁਜ਼ਾਰੇ ਸਨ, ਉਹ ਵੀ ਆਪਣੀ ਰਿਹਾਇਸ਼ ਵਾਲੇ ਦਫਤਰ ਵਿੱਚ ਰਹੇ। ਸਨੀ ਦਿਓਲ ਦੇ ਪ੍ਰਤੀਨਿਧ ਗੁਰਪ੍ਰੀਤ ਦਾ ਕਹਿਣਾ ਹੈ ਕਿ 17 ਅਤੇ 18 ਜਨਵਰੀ ਨੂੰ ਉਹ ਪਠਾਨਕੋਟ ਆਉਣਗੇ, ਉਨ੍ਹਾ ਨੇ ਲੋਕਾਂ ਦੀ ਸੇਵਾ ਦੇ ਲਈ ਪਠਾਨਕੋਟ ਵਿੱਚ ਦਫਤਰ ਖੋਲ੍ਹਿਆ ਹੈ ਤੇ ਉਨ੍ਹਾਂ ਦੇ ਬਤੌਰ ਪ੍ਰਤੀਨਿਧੀ ਹੋਣ ਦੇ ਨਾਤੇ ਉਹ ਜਨਤਾ ਦੇ ਹਰ ਕੰਮ ਨੂੰ ਕਰਾਉਣ ਦਾ ਯਤਨ ਕਰ ਰਹੇ ਹਨ।

## 25 ਹਜ਼ਾਰ ਪ੍ਰਾਪਰਟੀ ਟੈਕਸ ਡਿਫਾਲਟਰਾਂ ਨੂੰ ਨੋਟਿਸ ਜਾਰੀ ਹੋਣਗੇ

ਜਲੰਧਰ, 14 ਜਨਵਰੀ (ਪੋਸਟ ਬਿਊਰੋ)- ਪ੍ਰਾਪਰਟੀ ਟੈਕਸ ਦੇ ਟਾਰਗੇਟ ਵਿੱਚ ਪਿਛੜਦੀ ਬ੍ਰਾਂਚ ਨੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਡਿਫਾਲਟਰਾਂ 'ਤੇ ਪੂਰੀ ਸਖਤੀ ਕਰਨ ਲਈ ਪਲਾਨ ਤਿਆਰ ਹੋ ਗਿਆ ਹੈ। ਮਾਰਚ 2020 ਤੱਕ ਪ੍ਰਾਪਰਟੀ ਟੈਕਸ ਡਿਫਾਲਟਰਾਂ ਦੇ ਖਿਲਾਫ 25 ਹਜ਼ਾਰ ਨੋਟਿਸ ਕੱਢੇ ਜਾਣਗੇ। ਅਜੇ ਤੱਕ 17 ਹਜ਼ਾਰ ਡਿਫਾਲਟਰਾਂ ਨੂੰ ਨੋਟਿਸ ਜਾਰੀ ਹੋ ਚੁੱਕੇ ਹਨ। ਬਹੁਤ ਸਾਰੇ ਡਿਫਾਲਟਰਾਂ ਦੀਆਂ ਪ੍ਰਾਪਰਟੀਜ਼ ਨੂੰ ਸੀਲ ਕੀਤਾ ਜਾ ਚੁੱਕਾ ਹੈ।
ਕੱਲਹ ਵੀ ਨਗਰ ਨਿਗਮ ਦੀ ਪ੍ਰਾਪਰਟੀ ਟੈਕਸ ਬ੍ਰਾਂਚ ਨੇ ਟੈਕਸ ਨਾ ਦੇਣ ਵਾਲਿਆਂ 'ਤੇ ਸ਼ਿਕੰਜਾ ਕੱਸਦੇ ਹੋਏ ਰਾਮਾ ਮੰਡੀ ਏਰੀਆ ਵਿੱਚ ਸੱਤ ਪ੍ਰਾਪਰਟੀਜ਼ ਨੂੰ ਸੀਲ ਕੀਤਾ ਹੈ। ਇਨ੍ਹਾਂ ਸਾਰਿਆਂ ਨੇ ਸਮੇਂ ਸਿਰ ਟੈਕਸ ਜਮ੍ਹਾ ਨਹੀਂ ਕਰਾਇਆ। ਪ੍ਰਾਪਰਟੀ ਟੈਕਸ ਦੇ ਸੁਪਰਡੈਂਟ ਮਹੀਪ ਸਰੀਨ ਨੇ ਦੱਸਿਆ ਕਿ ਉਹ ਖੁਦ ਆਪਣੇ ਦੋ ਸੁਪਰਡੈਂਟ ਸਾਥੀਆਂ ਭੁਪਿੰਦਰ ਸਿੰਘ ਵੜਿੰਗ ਅਤੇ ਰਾਜੀਵ ਰਿਸ਼ੀ ਦੇ ਨਾਲ ਕਾਰਵਾਈ ਕਰਨ ਗਏ ਸਨ ਅਤੇ ਡਿਫਾਲਟਰਾਂ 'ਤੇ ਤੇਜ਼ੀ ਨਾਲ ਸਖਤ ਕਾਰਵਾਈ ਕੀਤੀ ਜਾਏਗੀ। ਸੀਲਿੰਗ ਦੀ ਕਾਰਵਾਈ ਵਿੱਚ ਕੋਈ ਬਖਸ਼ਿਆ ਨਹੀਂ ਜਾਏਗਾ। ਮਹੀਪ ਨੇ ਦੱਸਿਆ ਕਿ ਪ੍ਰਾਪਰਟੀ ਟੈਕਸ ਬ੍ਰਾਂਚ ਨੇ ਪਿਛਲੇ ਸਾਲ ਜਨਵਰੀ 2019 ਦੇ 23 ਕਰੋੜ ਰੁਪਏ ਟੈਕਸ ਜਮ੍ਹਾਂ ਕੀਤਾ ਸੀ, ਇਸ ਵਾਰ ਅਜੇ ਤੱਕ 24.50 ਕਰੋੜ ਰੁਪਏ ਜਮ੍ਹਾ ਹੋ ਚੁੱਕੇ ਹਨ।

## ਅੱਠ ਦਿਨ ਤੋਂ ਪਾਰਕਿੰਗ ਵਿੱਚ ਖੜ੍ਹੀ ਕਾਰ ਦਾ ਫਾਸਟੈਗ ਤੋਂ ਟੋਲ ਕੱਟਿਆ ਗਿਆ

ਜਲੰਧਰ, 14 ਜਨਵਰੀ (ਪੋਸਟ ਬਿਊਰੋ)- ਅੱਠ ਦਿਨ ਤੋਂ ਪਾਰਕਿੰਗ ਵਿੱਚ ਖੜ੍ਹੀ ਇੱਕ ਕਾਰ ਦਾ ਢਿੱਲਵਾਂ ਟੋਲ ਪਲਾਜ਼ਾ 'ਤੇ ਫਾਸਟੈਗ ਤੋਂ ਟੋਲ ਟੈਕਸ ਕੱਟਿਆ ਗਿਆ ਹੈ। ਇਸ ਦਾ ਪਤਾ ਉਦੋਂ ਲੱਗਾ, ਜਦੋਂ ਇਸ ਗੱਡੀ ਦੇ ਮਾਲਕ ਦੇ ਮੋਬਾਈਲ ਫੋਨ 'ਤੇ ਟੋਲ ਕੱਟਣ ਦਾ ਮੈਸੇਜ ਆਇਆ।
ਗੋਲਡ ਪੈਕਿੰਗ ਦਾ ਕੰਮ ਕਰਨ ਵਾਲੇ ਗੱਡੀ ਦੇ ਮਾਲਕ ਦੀਪਕ ਵਰਮਾ ਨੇ ਦੱਸਿਆ ਕਿ ਉਨ੍ਹਾਂ ਦੇ ਕੋਲ ਸਵਿਫਟ ਡਿਜ਼ਾਇਰ ਕਾਰ ਹੈ, ਜਿਸ 'ਤੇ ਉਨ੍ਹਾਂ ਨੇ ਫਾਸਟੈਗ ਲਗਵਾਇਆ ਹੋਇਆ ਹੈ ਅਤੇ ਉਸ ਨੂੰ ਗੂਗਲ ਪੇ ਅਕਾਊਂਟ ਨਾਲ ਲਿੰਕ ਕੀਤਾ ਹੋਇਆ ਹੈ। ਕੱਲ੍ਹ ਦੁਪਹਿਰ ਦੋ ਵੱਜ ਕੇ ਪੰਜ ਮਿੰਟ ਉੱਤੇ ਉਨ੍ਹਾਂ ਦੇ ਮੋਬਾਈਲ 'ਤੇ ਟੋਲ ਟੈਕਸ ਕੱਟਣ ਦਾ ਮੈਸੇਜ ਆਇਆ। ਉਨ੍ਹਾਂ ਦੇ ਫਾਸਟੈਗ ਤੋਂ ਟੋਲ ਟੈਕਸ ਦੇ 25 ਰੁਪਏ ਕੱਟੇ ਗਏ। ਉਹ ਹੈਰਾਨ ਰਹਿ ਗਏ ਕਿਉਂਕਿ ਕਾਰ ਤਾਂ ਪਿਛਲੇ ਅੱਠ ਦਿਨ ਤੋਂ ਪਾਰਕਿੰਗ ਵਿੱਚ ਖੜ੍ਹੀ ਸੀ ਅਤੇ ਚਾਬੀ ਵੀ ਘਰ ਵਿੱਚ ਪਈ ਸੀ। ਦੀਪਕ ਵਰਮਾ ਨੇ ਕਿਹਾ ਕਿ ਇੱਕ ਪਾਸੇ ਫਾਸਟੈਗ ਨੂੰ ਜ਼ਰੂਰੀ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ, ਦੂਜੇ ਪਾਸੇ ਲੋਕਾਂ ਨਾਲ ਇਸ ਤਰ੍ਹਾਂ ਦੇ ਫਰਾਡ ਹੋ ਰਹੇ ਹਨ। ਅਜਿਹੀ ਸੁਵਿਧਾ ਦਾ ਕੀ ਫਾਇਦਾ, ਜਿਸ ਕਾਰਨ ਉਨ੍ਹਾਂ ਤੋਂ ਬੇਵਜ੍ਹਾ ਵਸੂਲੀ ਕੀਤੀ ਜਾ ਰਹੀ ਹੈ।

## ਪੀ ਆਰ ਟੀ ਸੀ ਦਾ ਮੁੱਖ ਖਜ਼ਾਨਾ ਅਫਸਰ ਰਿਸ਼ਵਤ ਲੈਂਦਾ ਕਾਬੂ

ਪਟਿਆਲਾ, 14 ਜਨਵਰੀ (ਪੋਸਟ ਬਿਊਰੋ)- ਟੈਕਸੀਆਂ ਦੇ ਬਿੱਲ ਪਾਸ ਕਰਵਾਉਣ ਲਈ 10 ਹਜ਼ਾਰ ਰੁਪਏ ਦੀ ਰਿਸ਼ਵਤ ਮੰਗਣ ਵਾਲੇ ਪੀ ਆਰ ਟੀ ਸੀ ਦੇ ਮੁੱਖ ਖਜ਼ਾਨਾ ਅਫਸਰ ਭੁਪਿੰਦਰ ਕੁਮਾਰ ਅਗਰਵਾਲ ਨੂੰ ਵਿਜੀਲੈਂਸ ਬਿਊਰੋ ਨੇ ਕੱਲ੍ਹ ਪੰਜ ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਗ੍ਰਿਫ਼ਤਾਰ ਕਰ ਲਿਆ। ਟੈਕਸੀ ਗੱਡੀਆਂ ਦਾ ਕੰਮ ਕਰਦੇ ਭਰਪੂਰ ਗਾਰਡਨ ਪਟਿਆਲਾ ਦੇ ਭਜਨ ਪ੍ਰਤਾਪ ਸਿੰਘ ਦੀਆਂ ਤਿੰਨ ਟੈਕਸੀਆਂ ਪੀ ਆਰ ਟੀ ਸੀ ਪਟਿਆਲਾ ਕੋਲ ਕਿਰਾਏ 'ਤੇ ਚੱਲਦੀਆਂ ਹਨ। ਇਨ੍ਹਾਂ ਦੇ ਬਿੱਲ ਸਬੰਧੀ ਫਾਈਲਾਂ ਕਲੀਅਰ ਕਰਨ ਬਦਲੇ ਮੁੱਖ ਖਜ਼ਾਨਾ ਅਫਸਰ ਭੁਪਿੰਦਰ ਕੁਮਾਰ ਅਗਰਵਾਲ ਨੇ 10 ਹਜ਼ਾਰ ਰੁਪਏ ਦੀ ਰਿਸ਼ਵਤ ਮੰਗੀ ਸੀ।

## ਫੈਮਿਲੀ ਕੋਰਟ ਨੂੰ ਕੇਸ ਨਾਲ ਜਾਇਦਾਦ, ਕਮਾਈ ਅਤੇ ਖਰਚੇ ਦਾ ਐਫੀਡੇਵਿਟ ਦੇਣਾ ਪਵੇਗਾ




ਚੰਡੀਗੜ੍ਹ, 14 ਜਨਵਰੀ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਹਰਿਆਣਾ, ਪੰਜਾਬ ਅਤੇ ਚੰਡੀਗੜ੍ਹ ਦੀਆਂ ਸਾਰੀਆਂ ਫੈਮਿਲੀ ਕੋਰਟਸ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਸਾਰੇ ਵਿਹਾਰਕ ਕੇਸਾਂ 'ਚ ਚੱਲ ਅਤੇ ਅਚੱਲ ਜਾਇਦਾਦ, ਕਮਾਈ ਦੇ ਸਾਰੇ ਸਾਧਨਾਂ ਤੇ ਖਰਚੇ ਦੇ ਬਿਓਰੇ ਦਾ ਕੇਸ ਫਾਈਲ ਦੌਰਾਨ ਐਫੀਡੇਵਿਟ ਨੱਥੀ ਕਰਵਾਉਣ ਤਾਂ ਕਿ ਕੇਸ ਵਿੱਚ ਸੁਣਵਾਈ ਦੌਰਾਨ ਕਿਸੇ ਪੱਖ ਦੀ ਕਮਾਈ, ਖਰਚੇ ਅਤੇ ਜਾਇਦਾਦ ਬਾਰੇ ਕੋਈ ਵਿਵਾਦ ਪੈਦਾ ਨਾ ਹੋਵੇ।
ਹਾਈ ਕੋਰਟ ਦੇ ਜਸਟਿਸ ਗੁਰਵਿੰਦਰ ਸਿੰਘ ਗਿੱਲ ਨੇ ਇੱਕ ਫੈਮਿਲੀ ਕੇਸ ਦਾ ਨਿਬੇੜਾ ਕਰਦੇ ਹੋਏ ਇਹ ਨਿਰਦੇਸ਼ ਜਾਰੀ ਕੀਤੇ। ਉਨ੍ਹਾ ਕਿਹਾ ਕਿ ਜੇ ਫੈਮਿਲੀ ਕੋਰਟ ਏਦਾਂ ਦੀ ਪ੍ਰਕਿਰਿਆ ਸ਼ੁਰੂ ਕਰਦੀ ਹੈ ਤਾਂ ਕੇਸਾਂ ਦਾ ਜਲਦੀ ਨਿਪਟਾਰਾ ਹੋਵੇਗਾ ਤੇ ਗੁਜ਼ਾਰੇ ਦੀ ਮੰਗ ਕਰਨ ਦੀਆਂ ਇਛੁੱਕ ਪਤਨੀਆਂ ਨੂੰ ਬੇਲੋੜੇ ਬੋਝ ਤੋਂ ਬਚਾਇਆ ਜਾ ਸਕੇਗਾ। ਕੋਰਟ ਨੇ ਇਹ ਵੀ ਸਾਫ ਕਰ ਦਿੱਤਾ ਕਿ ਇਸ ਤਰ੍ਹਾਂ ਦੇ ਕੇਸ ਵਿੱਚ ਕਮਾਈ ਅਤੇ ਜਾਇਦਾਦ ਦੇ ਦਿੱਤੇ ਹੋਏ ਐਫੀਡੇਵਿਟ ਦੀ ਜਾਂਚ ਹੋਣੀ ਚਾਹੀਦੀ ਹੈ। ਹਾਈ ਕੋਰਟ ਨੇ ਕਿਹਾ ਕਿ ਗੈਰ ਮਾਮੂਲੀ ਕੇਸਾਂ 'ਚ ਏਦਾਂ ਦੀ ਮੰਗ ਨਹੀਂ ਕੀਤੀ ਜਾ ਸਕਦੀ। ਹਾਈ ਕੋਰਟ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਮਹੱਤਵ ਪੂਰਨ ਜਾਣਕਾਰੀ ਨੂੰ ਛੁਪਾਉਣ ਜਾਂ ਅਦਾਲਤ ਨੂੰ ਗੁੰਮਰਾਹ ਕਰਨ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਅਪਰਾਧਕ ਸ਼੍ਰੇਣੀ ਵਿੱਚ ਆਉਂਦੀ ਹੈ ਅਤੇ ਅਦਾਲਤ ਨੂੰ ਇਸ ਗੱਲ ਦੀ ਪੂਰੀ ਖੁੱਲ੍ਹ ਹੋਵੇਗੀ ਕਿ ਉਹ ਇਸ ਲਈ ਜ਼ਿੰਮੇਵਾਰ ਪੱਖ ਖਿਲਾਫ ਆਦੇਸ਼ ਜਾਰੀ ਕਰੇ।


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## ਠੰਡ ਤੇ ਭੁੱਖ ਤੋਂ ਬਚਾਉਣ ਲਈ ਬੱਚਾ 2,000 ਰੁਪਏ ਦਾ ਵੇਚ ਦਿੱਤਾ



ਜਮਸ਼ੇਦਪੁਰ, 14 ਜਨਵਰੀ (ਪੋਸਟ ਬਿਊਰੋ)- ਝਾਰਖੰਡ ਦੇ ਜਮਸ਼ੇਦਪੁਰ ਜ਼ਿਲ੍ਹੇ ਵਿੱਚ ਮਾਨਵਤਾ ਨੂੰ ਸ਼ਰਮਿੰਦੇ ਕਰਨ ਵਾਲਾ ਮਾਮਲੇ ਸਾਹਮਣੇ ਆਇਆ ਹੈ। ਇਥੇ ਟਾਟਾ ਨਗਰ ਸਟੇਸ਼ਨ ਕੰਪਲੈਕਸ ਵਿੱਚ ਇੱਕ ਮਹਿਲਾ ਨੇ ਕੱਲ੍ਹ 2,000 ਰੁਪਏ ਵਿੱਚ ਆਪਣੇ ਦੋ ਮਹੀਨੇ ਦੇ ਮਾਸੂਮ ਬੱਚੇ ਨੂੰ ਵੇਚ ਦਿੱਤਾ।

ਭੀਖ ਮੰਗ ਕੇ ਗੁਜਾਰਾ ਕਰਦੀ ਉਸ ਮਹਿਲਾ ਨੇ ਦੱਸਿਆ ਕਿ ਜੇ ਬੱਚੇ ਨੂੰ ਨਾ ਵੇਚਦੀ ਤਾਂ ਉਹ ਭੁੱਖ ਅਤੇ ਠੰਡ ਨਾਲ ਮਰ ਜਾਂਦਾ। ਟਾਟਾ ਨਗਰ ਸਟੇਸ਼ਨ ਦੇ ਬਾਹਰ ਚਾਈਬਾਸਾ ਸਟੈਂਡ ਕੋਲ ਚਾਹ-ਪਾਨ ਦੀ ਦੁਕਾਨ ਲਾਉਣ ਵਾਲਿਆਂ ਵਿੱਚ ਇਹ ਘਟਨਾ ਕੱਲ੍ਹ ਦਿਨ ਭਰ ਚਰਚਾ ਦਾ ਕੇਂਦਰ ਰਹੀ। ਹਾਜ਼ਰ ਲੋਕਾਂ ਦੇ ਅਨੁਸਾਰ ਸਕੂਟੀ 'ਤੇ ਤਿੰਨ ਲੋਕ (ਲੜਕਾ-ਲੜਕੀ ਤੇ ਬੁੱਢੀ ਮਹਿਲਾ) ਆਏ ਸਨ। ਰਿਜ਼ਰਵੇਸ਼ ਕੇਂਦਰ ਦੇ ਪਿੱਛੇ ਪਹਿਲਾਂ ਤੋਂ ਸਟੇਸ਼ਨ ਸਫ਼ਾਈ ਕਰਮੀ ਦੀ ਡ੍ਰੈਸ ਵਿੱਚ ਬੈਠੀ ਇੱਕ ਮਹਿਲਾ ਨੂੰ ਬੁੱਢੀ ਮਹਿਲਾ ਨੇ ਬੈਗ ਤੋਂ ਕੱਢ ਕੇ ਸਵੈਟਰ ਦਿੱਤਾ ਜਿਹੜਾ ਉਸ ਨੇ ਬੱਚੇ ਨੂੰ ਪਹਿਨਾ ਦਿੱਤਾ। ਬੱਚੇ ਦੀ ਮਾਂ ਦੇ ਹੱਥ 'ਤੇ ਕੁਝ ਰੱਖਣ ਦੇ ਬਾਅਦ ਤਿੰਨੇ ਜਣੇ ਬੱਚੇ ਨੂੰ ਲੈ ਕੇ ਚਲੇ ਗਏ। ਉਸ ਮਹਿਲਾ ਕੋਲ ਕਰੀਬ ਤਿੰਨ ਸਾਲ ਦੀ ਬੱਚੀ ਵੀ ਹੈ। ਦੋਨਾਂ ਮਾਂ-ਬੇਟੀ ਬੱਸ ਦੇ ਇੰਤਜ਼ਾਰ ਵਿੱਚ ਖੜੇ ਯਾਤਰੀਆਂ ਤੋਂ ਭੀਖ ਮੰਗ ਕੇ ਆਪਣਾ ਗੁਜਾਰਾ ਕਰਦੀਆਂ ਹਨ। ਬੱਚਾ ਵੇਚਣ ਦੀ ਸੂਚਨਾ ਉੱਤੇ ਰੇਲ ਕਰਮੀ ਉਸ ਕੋਲ ਪਹੁੰਚੇ ਤੇ ਉਸ ਤੋਂ ਪੁੱਛਗਿੱਛ ਕੀਤੀ। ਉਸ ਨੇ ਦੱਸਿਆ ਕਿ ਜੇ ਬੱਚੇ ਨੂੰ ਨਹੀਂ ਵੇਚਦੀ ਤਾਂ ਉਹ ਠੰਡ ਅਤੇ ਭੁੱਖ ਨਾਲ ਮਰ ਜਾਂਦੀ।

# ਬੰਗਾਲ ਭਾਜਪਾ ਪ੍ਰਧਾਨ 'ਵਿਰੋਧੀਆਂ ਨੂੰ ਕੁੱਤਿਆਂ ਵਾਂਗ ਗੋਲੀ ਮਾਰੀ ਸੀ' ਬਿਆਨ ਦੇ ਕੇ ਫਸਿਆ

### * ਬਾਅਦ ਵਿੱਚ ਭਾਜਪਾ ਨੇ ਬਿਆਨ ਤੋਂ ਪੱਲਾ ਝਾੜਿਆ

ਕੋਲਕਾਤਾ, 14 ਜਨਵਰੀ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਭਾਜਪਾ ਦੇ ਪ੍ਰਧਾਨ ਦਿਲੀਪ ਘੋਸ਼ 'ਕੁੱਤਿਆਂ ਵਾਂਗ ਗੋਲੀ ਮਾਰੀ' ਬਿਆਨ ਦੇ ਕੇ ਫਸ ਗਏ ਹਨ। ਉਨ੍ਹਾਂ ਨੇ ਬੀਤੇ ਐਤਵਾਰ ਨਾਦੀਆ ਵਿੱਚ ਇੱਕ ਰੈਲੀ ਵਿੱਚ ਇਹ ਕਿਹਾ ਸੀ, 'ਦੀਦੀ (ਮਮਤਾ ਬੈਨਰਜੀ) ਦੀ ਪੁਲਸ ਉਨ੍ਹਾਂ ਲੋਕਾਂ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੀ, ਜਿਹੜੇ ਜਨਤਕ ਜਾਇਦਾਦਾਂ ਦਾ ਨੁਕਸਾਨ ਕਰਦੇ ਹਨ, ਕਿਉਂਕਿ ਉਹ ਉਨ੍ਹਾਂ ਦੇ ਵੋਟਰ ਹਨ। ਉੱਤਰ ਪ੍ਰਦੇਸ਼, ਅਸਾਮ ਅਤੇ ਕਰਨ-ਾਟਕ ਵਿੱਚ ਸਾਡੀ ਸਰਕਾਰ ਅਜਿਹੇ ਲੋਕਾਂ ਨੂੰ ਕੁੱਤਿਆਂ ਦੀ ਤਰ੍ਹਾਂ ਗੋਲੀ ਮਾਰ ਦਿੰਦੀ ਹੈ।"



ਦਿਲੀਪ ਘੋਸ਼ ਨੇ ਕਿਹਾ ਕਿ ਉਨ੍ਹਾਂ ਨੇ ਉਨ੍ਹਾਂ ਲੋਕਾਂ ਦੇ ਖਿਲਾਫ ਕਾਰਵਾਈ ਨਾ ਕਰਨ ਦੇ ਲਈ ਪੱਛਮੀ ਬੰਗਾਲ ਪੁਲਸ ਦੀ ਆਲੋਚਨਾ ਕੀਤੀ ਹੈ, ਜਿਨ੍ਹਾਂ ਨੇ ਵਿਰੋਧ ਪ੍ਰਦਰਸ਼ਨਾਂ ਦੌਰਾਨ ਰੇਲ ਪਟੜੀਆਂ, ਬੱਸਾਂ ਅਤੇ ਹੋਰ ਜਨਤਕ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਨੇ ਕਿਹਾ, "ਮਮਤਾ ਬੈਨਰਜੀ ਦੀ ਪੁਲਸ ਨੇ ਅਜਿਹੇ ਲੋਕਾਂ ਦੇ ਖਿਲਾਫ ਕੋਈ ਕੇਸ ਦਰਜ ਨਹੀਂ ਕੀਤਾ, ਜਦ ਕਿ ਦੂਜੇ ਪਾਸੇ ਉਤਰ ਪ੍ਰਦੇਸ਼, ਕਰਨਾਟਕ ਅਤੇ ਆਸਾਮ ਵਰਗੇ ਭਾਜਪਾ ਰਾਜ ਵਾਲੇ ਸੂਬਿਆਂ ਵਿੱਚ ਜਨਤਕ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਲਈ ਲੋਕਾਂ ਨੂੰ ਗੋਲੀ ਮਾਰੀ ਗਈ, ਕਿਉਂਕਿ ਇਹ ਜਾਇਦਾਦ ਉਨ੍ਹਾਂ ਦੇ ਬਾਪ ਦੀ ਨਹੀਂ ਸੀ।" ਇਸ ਬਿਆਨ ਤੋਂ ਭਾਜਪਾ ਨੇ ਪੱਲਾ ਝਾੜ ਲਿਆ ਹੈ।

ਕੇਂਦਰੀ ਮੰਤਰੀ ਬਾਬੁਲ ਸੁਪਰੀਓ ਨੇ ਦਿਲੀਪ ਘੋਸ਼ ਦੇ ਬਿਆਨ ਉਤੇ ਪਾਰਟੀ ਵੱਲੋਂ ਸਫਾਈ ਦਿੰਦੇ ਹੋਏ ਟਵੀਟ ਕੀਤਾ, "ਦਿਲੀਪ ਘੋਸ਼ ਨੇ ਜੋ ਕਿਹਾ, ਉਸ ਨਾਲ ਭਾਜਪਾ ਦਾ ਕੋਈ ਲੈਣਾ-ਦੇਣਾ ਨਹੀਂ। ਇਹ ਉਨ੍ਹਾਂ ਦੀ ਆਪਣੀ ਸੋਚ ਹੈ। ਉੱਤਰ ਪ੍ਰਦੇਸ਼ ਤੇ ਅਸਾਮ ਵਿੱਚ ਭਾਜਪਾ ਸਰਕਾਰ ਕਦੇ ਵੀ ਕਿਸੇ ਵਜ੍ਹਾ ਨਾਲ ਲੋਕਾਂ ਨੂੰ ਗੋਲੀ ਨਹੀਂ ਮਾਰਦੀ, ਇਹ ਦਿਲੀਪ ਘੋਸ਼ ਦਾ ਬੇਹੱਦ ਗੈਰ ਜ਼ਿੰਮੇਦਾਰਾਨਾ ਬਿਆਨ ਹੈ।" ਤ੍ਰਿਣਮੂਲ ਕਾਂਗਰਸ ਦੇ ਜਨਰਲ ਸੈਕਟਰੀ ਅਤੇ ਰਾਜ ਮੰਤਰੀ ਪਾਰਥ ਚੈਟਰਜੀ ਨੇ ਕਿਹਾ ਕਿ ਇਹ ਬਿਆਨ ਭਾਜਪਾ ਦੀ ਮਾਨਸਿਕਤਾ ਦੱਸਦਾ ਹੈ।

ਦੂਸਰੇ ਪਾਸੇ ਉਤਰ ਪ੍ਰਦੇਸ਼ ਦੇ ਲੇਬਰ ਰਾਜ ਮੰਤਰੀ ਰਘੁਰਾਜ ਸਿੰਘ ਨੇ ਵੀ ਐਤਵਾਰ ਨੂੰ ਅਲੀਗੜ੍ਹ ਵਿੱਚ ਭੜਕਾਊ ਬਿਆਨ ਦਿੱਤਾ ਹੈ। ਨਾਗਰਿਕਤਾ ਸੋਧ ਕਾਨੂੰਨ ਦੇ ਸਮਰਥਨ ਵਿੱਚ ਰੈਲੀ ਵਿੱਚ ਉਨ੍ਹਾਂ ਨੇ ਧਮਕੀ ਦਿੰਦੇ ਹੋਏ ਕਿਹਾ, "ਜੇ ਤੁਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ ਖਿਲਾਫ ਨਾਅਰੇ ਲਾਉਂਦੇ ਹੋ ਤਾਂ ਤੁਹਾਨੂੰ ਜਿੰਦਾ ਦਫਨ ਕਰ ਦਿਆਂਗਾ।" ਨਾਗਰਿਕਤਾ ਸੋਧ ਕਾਨੂੰਨ ਦੇ ਖਿਲਾਫ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਵਿੱਚ ਵਿਦਿਆਰਥੀਆਂ ਨੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੇ ਖਿਲਾਫ ਨਾਅਰੇ ਲਾਏ ਸਨ।

# ਨਰਿੰਦਰ ਮੋਦੀ ਦੀ ਤੁਲਨਾ ਸ਼ਿਵਾਜੀ ਨਾਲ ਕਰਨ ਉਤੇ ਵਿਵਾਦ ਛਿੜਿਆ




*ਕਿਤਾਬ ਲਾਂਚ ਕਰਦੇ ਹੋਏ ਭਾਜਪਾ ਆਗੂ ਜਯ ਭਗਵਾਨ ਤੇ ਹੋਰ।*

ਮੁੰਬਈ, 14 ਜਨਵਰੀ (ਪੋਸਟ ਬਿਊਰੋ)- ਭਾਜਪਾ ਆਗੂ ਜਯ ਭਗਵਾਨ ਗੋਇਲ ਵੱਲੋਂ ਲਿਖੀ ਕਿਤਾਬ 'ਆਜ ਕੇ ਸ਼ਿਵਾਜੀ-ਨਰਿੰਦਰ ਮੋਦੀ' ਉੱਤੇ ਵਿਵਾਦ ਪੈਦਾ ਹੋ ਗਿਆ ਹੈ। ਸ਼ਿਵ ਸੈਨਾ ਅਤੇ ਹੋਰ ਵਿਰੋਧੀ ਧਿਰਾਂ ਨੇ ਨਰਿੰਦਰ ਮੋਦੀ ਦੀ ਤੁਲਨਾ ਸ਼ਿਵਾਜੀ ਨਾਲ ਕੀਤੇ ਜਾਣ 'ਤੇ ਰੋਸ ਪ੍ਰਗਟ ਕੀਤਾ ਹੈ।

ਸ਼ਿਵ ਸੈਨਾ ਪ੍ਰਧਾਨ ਉਧਵ ਠਾਕਰੇ ਦੀ ਅਗਵਾਈ ਹੇਠਲੀ ਮਹਾਰਾਸ਼ਟਰ ਵਿਕਾਸ ਅਗਾੜੀ ਸਰਕਾਰ ਨੇ ਕਿਤਾਬ ਦੀ ਆਲੋਚਨਾ ਕੀਤੀ ਹੈ। ਐਨ ਸੀ ਪੀ, ਸੰਭਾਜੀ ਬਿਗ੍ਰੇਡ ਅਤੇ ਸ਼ਿਵ ਸੈਨਾ ਨੇ ਇਸ ਦੇ ਵਿਰੋਧ 'ਚ ਕੱਲ੍ਹ ਪੁਣੇ ਅਤੇ ਸ਼ੋਲਾਪੁਰ 'ਚ ਪ੍ਰਦਰਸ਼ਨ ਕੀਤੇ ਸਨ। ਸ਼ਿਵ ਸੈਨਾ ਆਗੂ ਸੰਜੈ ਰਾਊਤ ਨੇ ਸ਼ਿਵਾਜੀ ਮਹਾਰਾਜ ਦੇ ਵੰਸ਼ਜਾਂ ਨੂੰ ਕਿਹਾ ਕਿ ਉਹ ਸਪੱਸ਼ਟ ਕਰਨ ਕਿ ਕੀ ਉਹ ਪ੍ਰਧਾਨ ਮੰਤਰੀ ਦੀ ਤੁਲਨਾ ਸ਼ਿਵਾਜੀ ਨਾਲ ਕਰਨਾ ਪਸੰਦ ਕਰਨਗੇ। ਮੁੰਬਈ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਜੇ ਰਾਊਤ ਨੇ ਕਿਹਾ ਕਿ ਭਾਜਪਾ ਐਲਾਨ ਕਰੇ ਕਿ ਕਿਤਾਬ ਨਾਲ ਉਸ ਦਾ ਕੁਝ ਵੀ ਲੈਣਾ-ਦੇਣਾ ਨਹੀਂ। ਉਨ੍ਹਾਂ ਭਾਜਪਾ ਦੇ ਰਾਜ ਸਭਾ ਮੈਂਬਰ ਸੰਭਾਜੀ ਰਾਜੇ, ਜੋ ਸ਼ਿਵਾਜੀ ਦੇ ਵੰਸ਼ਜਾਂ ਵਿੱਚੋਂ ਹਨ, ਉੱਤੇ ਨਿਸ਼ਾਨਾ ਲਾਉਂਦਿਆਂ ਕਿਹਾ ਕਿ ਜੇ ਉਹ ਕਿਤਾਬ ਨਾਲ ਸਹਿਮਤ ਨਹੀਂ ਹਨ ਤਾਂ ਉਨ੍ਹਾਂ ਨੂੰ ਭਾਜਪਾ ਦਾ ਸਾਥ ਛੱਡ ਦੇਣਾ ਚਾਹੀਦਾ ਹੈ।

ਸੰਭਾਜੀ ਰਾਜੇ ਨੇ ਕੱਲ੍ਹ ਭਾਜਪਾ ਪ੍ਰਧਾਨ ਅਮਿਤ ਸ਼ਾਹ ਤੋਂ ਮੰਗ ਕੀਤੀ ਸੀ ਕਿ ਕਿਤਾਬ 'ਤੇ ਪਾਬੰਦੀ ਲਾਈ ਜਾਵੇ ਜੋ ਭਾਜਪਾ ਦੇ ਦਿੱਲੀ ਦਫ਼ਤਰ ਨੇ ਪ੍ਰਕਾਸ਼ਿਤ ਕੀਤੀ ਹੈ। ਮਹਾਰਾਸ਼ਟਰ ਕਾਂਗਰਸ ਦੇ ਤਰਜਮਾਨ ਅਤੁਲ ਲੋਂਧੇ ਨੇ ਗੋਇਲ ਖ਼ਿਲਾਫ਼ ਨਾਗਪੁਰ ਪੁਲਸ ਸਟੇਸ਼ਨ 'ਚ ਸ਼ਿਕਾਇਤ ਵੀ ਦਰਜ ਕਰਾਈ ਹੈ। ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਦੀ ਤੁਲਨਾ ਛਤਰਪਤੀ ਸ਼ਿਵਾਜੀ ਮਹਾਰ-ਾਜ ਨਾਲ ਕਰਕੇ ਗੋਇਲ ਨੇ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪੁਚਾਈ ਹੈ। ਸ਼ੋਲਾਪੁਰ 'ਚ ਸ਼ਿਵ ਸੈਨਾ ਵਰਕਰ ਦਿਨਕਰ ਜਗਦਾਲੇ ਨੇ ਫ਼ੌਜਦਾਰ ਚਾਵੜੀ ਪੁਲਸ ਸਟੇਸ਼ਨ 'ਚ ਕਿਤਾਬ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ। ਐਨ ਸੀ ਪੀ ਵਰਕਰਾਂ ਅਤੇ ਸੰਭਾਜੀ ਬ੍ਰਿਗੇਡ ਨੇ ਪੁਣੇ 'ਚ ਲਾਲਮਹਿਲ ਇਲਾਕੇ 'ਚ ਪ੍ਰਦਰਸ਼ਨ ਕੀਤੇ।

ਭਾਜਪਾ ਨੇ ਕਿਤਾਬ ਤੋਂ ਦੂਰੀ ਬਣਾਉਂਦਿਆਂ ਕਿਹਾ ਕਿ ਪਾਰਟੀ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ। ਮੋਦੀ ਦੀ ਤੁਲਨਾ ਸ਼ਿਵਾਜੀ ਨਾਲ ਇਸ ਲਈ ਕੀਤੀ ਕਿਉਂਕਿ ਸ਼ਿਵਾਜੀ ਵਾਂਗ ਮੋਦੀ ਵੀ ਸਾਰਿਆਂ ਨੂੰ ਨਾਲ ਲੈ ਕੇ ਚੱਲ ਰਹੇ ਹਨ।

# ਮਨੋਜ ਤਿਵਾੜੀ ਵੱਲੋਂ ਕੇਜਰੀਵਾਲ ਨੂੰ 500 ਕਰੋੜ ਦਾ ਮਾਣਹਾਨੀ ਨੋਟਿਸ

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਦਿੱਲੀ ਪ੍ਰਦੇਸ਼ ਭਾਜਪਾ ਨੇ ਆਮ ਆਦਮੀ ਪਾਰਟੀ ਦੇ ਚੋਣਾਂ ਲਈ ਥੀਮ ਸਾਂਗ ਵਿੱਚ ਮਨੋਜ ਤਿਵਾੜੀ ਦੀ ਫਿਲਮ ਦੇ ਗਾਣੇ ਦੀ ਵੀਡੀਓ ਵਰਤਣ ਉੱਤੇ ਗੁੱਸਾ ਜ਼ਾਹਿਰ ਕੀਤਾ ਹੈ ਅਤੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ ਅਤੇ ਨਾਲ ਹੀ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮਾਣਹਾਨੀ ਦਾ ਕਾਨੂੰਨੀ ਨੋਟਿਸ ਭੇਜਿਆ ਹੈ। ਇਸ ਨੋਟਿਸ ਵਿੱਚ 500 ਕਰੋੜ ਹਰਜਾਨੇ ਦੀ ਮੰਗ ਕੀਤੀ ਗਈ ਹੈ।



ਭਾਜਪਾ ਦੇ ਪਾਰਲੀਮੈਂਟ ਮੈਂਬਰ ਅਤੇ ਦਿੱਲੀ ਦੇ ਪ੍ਰਧਾਨ ਮਨੋਜ ਤਿਵਾੜੀ ਨੇ ਕਿਹਾ ਕਿ ਝੂਠ ਦੀ ਮਸ਼ੀਨ ਕਹੇ ਜਾਣ ਵਾਲੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਦਾ ਪਰਦਾ ਫਾਸ਼ ਹੋ ਗਿਆ ਹੈ। ਕਲਾਕਾਰ ਰਹਿੰਦੇ ਹੋਏ ਮੈਂ ਜੋ ਫਿਲਮਾਂ ਕੀਤੀਆਂ ਤੇ ਗਾਣੇ ਗਾਏ, ਉਸ ਦੀ ਕਲੀਪਿੰਗ ਅਤੇ ਤਸਵੀਰਾਂ ਨੂੰ ਐਡਿਟ ਕਰ ਕੇ ਆਮ ਆਦਮੀ ਪਾਰਟੀ ਦੇ ਥੀਮ ਸਾਂਗ ਉੱਤੇ ਲਗਾਤਾਰ ਵਰਤਣ ਨਾਲ ਕੇਜਰੀਵਾਲ ਆਪਣੇ ਹੋਛੇਪਣ ਦਾ ਸਬੂਤ ਦੇ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਥੀਮ ਸਾਂਗ 'ਤੇ ਮੇਰੀ ਫੋਟੋ ਲਾ ਕੇ ਪ੍ਰਸਾਰਤ ਕਰਨ ਦਾ ਹੱਕ ਆਮ ਆਦਮੀ ਪਾਰਟੀ ਨੂੰ ਕਿਸ ਨੇ ਦਿੱਤਾ? ਕੀ ਕੇਜਰੀਵਾਲ ਨੂੰ ਇਹ ਨਹੀਂ ਪਤਾ ਕਿ ਵਪਾਰਕ ਤੌਰ 'ਤੇ ਕਿਸੇ ਦੀ ਫੋਟੋ ਬਿਨਾਂ ਉਸ ਦੀ ਮਨਜ਼ੂਰੀ ਦੇ ਨਹੀਂ ਵਰਤ ਸਕਦੇ? ਉਨ੍ਹਾਂ ਕਿਹਾ ਕਿ ਕੇਜਰੀਵਾਲ ਦੀਆਂ ਰੈਲੀਆਂ ਵਿੱਚ ਭੀੜ ਨਹੀਂ ਆ ਰਹੀ ਤੇ ਇਸ ਲਈ ਭੀੜ ਇਕੱਠੀ ਕਰਨ ਲਈ ਬਾਹਰੋਂ ਲੋਕ ਬੁਲਾਏ ਜਾ ਰਹੇ ਹਨ।

## ਭਾਰਤ 17 ਜਨਵਰੀ ਨੂੰ ਜੀ ਸੈਟ-30 ਲਾਂਚ ਕਰੇਗਾ

ਬੈਂਗਲੁਰੂ, 14 ਜਨਵਰੀ (ਪੋਸਟ ਬਿਊਰੋ)- ਭਾਰਤ 17 ਜਨਵਰੀ ਨੂੰ ਸੰਚਾਰ ਉਪਗ੍ਰਹਿ ਜੀ ਸੈਟ-30 ਲਾਂਚ ਕਰੇਗਾ। ਭਾਰਤੀ ਪੁਲਾੜ ਖੋਜ ਆਰਗੇਨਾਈਜੇਸ਼ਨ (ਇਸਰੋ) ਨੇ ਦੱਸਿਆ ਕਿ ਇਸ ਸੈਟੇਲਾਈਟ ਨੂੰ ਫਰੈਂਚ ਗੁਆਨਾ ਦੇ ਕੋਰੋਊ ਲਾਂਚ ਬੇਸ ਤੋਂ ਤਾਕਤਵਰ ਰਾਕਟ ਏਰੀਏਨ-5ਵੀਏ251 ਨਾਲ ਕੱਲ੍ਹ ਤੜਕੇ 2.35 ਵਜੇ ਛੱਡਿਆ ਜਾਵੇਗਾ। ਇਸਰੋ ਨੇ ਦੱਸਿਆ ਕਿ 3357 ਕਿਲੋ ਦਾ ਜੀ ਐਸ-30 ਉਪਗ੍ਰਹਿ ਹਾਲੇ ਤੱਕ ਕੰਮ ਕਰ ਰਹੇ ਇਨਸੈਟ-4ਏ ਦਾ ਸਥਾਨ ਲਵੇਗਾ, ਜਿਸ ਦੀ ਉਮਰ ਪੂਰੀ ਹੋ ਰਹੀ ਹੈ। ਜੀਸੈਟ-30 ਉਪਗ੍ਰਹਿ ਨਾਲ ਭਾਰਤ ਦੀ ਸੰਚਾਰ ਸੇਵਾ ਹੋਰ ਮਜ਼ਬੂਤ ਹੋਵੇਗੀ। ਇਸ ਦੀ ਮਦਦ ਨਾਲ ਉਨ੍ਹਾਂ ਖੇਤਰਾਂ ਵਿੱਚ ਵੀ ਇੰਟਰਨੈਟ ਵਿੱਚ ਮਦਦ ਮਿਲੇਗੀ, ਜਿੱਥੇ ਇਹ ਸੇਵਾ ਨਹੀਂ ਹੈ।

## 2019 ਵਿੱਚ ਆਫਿਸ ਸਪੇਸ ਦੀ ਡਿਮਾਂਡ 25 ਫੀਸਦੀ ਵਧੀ

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਬਿਹਤਰ ਸਪਲਾਈ ਤੇ ਮੰਗ ਦੀਆਂ ਹਾਲਾਤਾਂ 'ਚ ਸੁਧਾਰ ਨਾਲ ਬੀਤੇ ਸਾਲ ਦੇਸ਼ ਵਿੱਚ ਆਫਿਸ ਸਪੇਸ ਦੀ ਮੰਗ 25 ਫੀਸਦੀ ਉਚੀ ਰਹੀ ਹੈ। ਪ੍ਰਾਪਰਟੀ ਸਲਾਹਕਾਰ ਸੀ ਬੀ ਆਰ ਆਈ ਨੇ ਇੱਕ ਰਿਪੋਰਟ ਵਿੱਚ ਕਿਹਾ ਹੈ ਕਿ ਇਸ ਮਿਆਦ ਵਿੱਚ ਨੌਂ ਪ੍ਰਮੁੱਖ ਸ਼ਹਿਰਾਂ ਵਿੱਚ ਕੁੱਲ 6.16 ਕਰੋੜ ਵਰਗ ਫੁੱਟ ਦਫਤਰ ਸਪੇਸ ਪੱਟੇ ਜਾਂ ਲੀਜ਼ 'ਤੇ ਦਿੱਤੇ ਗਏ, ਜੋ ਇੱਕ ਨਵਾਂ ਰਿਕਾਰਡ ਹੈ। ਇਸ ਤੋਂ ਪਹਿਲਾਂ ਅਚਲ ਜਾਇਦਾਦ ਬਾਜ਼ਾਰ ਦੀ ਇੱਕ ਹੋਰ ਸਲਾਹਕਾਰ ਫਰਮ ਨਾਈਟ ਫ੍ਰੈਂਕ ਇੰਡੀਆ ਦੀ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ 2019 ਵਿੱਚ ਆਫਿਸ ਸਪੇਸ ਦੀ ਮੰਗ 27 ਫੀਸਦੀ ਦੇ ਵਾਧੇ ਦੇ ਨਾਲ 6.06 ਕਰੋੜ ਵਰਗ ਫੁੱਟ 'ਤੇ ਪਹੁੰਚ ਗਈ ਹੈ। ਸੀ ਬੀ ਆਰ ਆਈ ਦੀ ਕੱਲ੍ਹ ਜਾਰੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2019 ਵਿੱਚ ਆਫਿਸ ਸਪੇਸ ਦੀ ਮੰਗ ਤੇਜ਼ ਰਹੀ। ਬਹੁਰਾਸ਼ਟਰੀ ਤੇ ਰਾਸ਼ਟਰੀ ਕੰਪਨੀਆਂ ਦੀ ਮੰਗ ਵਿੱਚ ਸੁਧਾਰ ਹੋਇਆ ਹੈ। ਹੈਦਰਾਬਾਦ ਅਤੇ ਬੰਗਲੌਰ ਵਰਗੇ ਸ਼ਹਿਰਾਂ ਵਿੱਚ ਸਪਲਾਈ ਦੀ ਸਥਿਤੀ ਕਾਫੀ ਵਧੀਆ ਰਹੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2019 ਦੇ ਅਖੀਰ ਤੱਕ ਆਫਿਸ ਸਪੇਸ ਦੀ ਮੰਗ ਛੇ ਕਰੋੜ ਦੇ ਅੰਕੜੇ ਨੂੰ ਪਾਰ ਕਰ ਕੇ 6.16 ਕਰੋੜ ਵਰਗ ਫੁੱਟ ਦੀ ਰਿਕ-ਾਰਡ ਉਚਾਈ 'ਤੇ ਪਹੁੰਚ ਗਈ। ਇਹ ਸਾਲਾਨਾ ਆਧਾਰ 'ਤੇ ਬੰਗਲੌਰ ਅਤੇ ਉਸ ਦੇ ਬਾਅਦ ਹੈਦਰਾਬਾਦ, ਰਾਸ਼ਟਰੀ ਰਾਜਧਾਨੀ ਖੇਤਰ (ਐੱਨ ਸੀ ਆਰ) ਅਤੇ ਮੁੰਬਈ ਵਿੱਚ ਆਫਿਸ ਸਪੇਸਾਂ ਦੀ ਮੰਗ ਸਭ ਤੋਂ ਵੱਧ ਰਹੀ। ਕੁੱਲ ਆਫਿਸ ਸਪੇਸਾਂ ਦੀ ਮੰਗ ਵਿੱਚ ਇਨ੍ਹਾਂ ਦਾ ਹਿੱਸਾ 75 ਫੀਸਦੀ ਦਾ ਰਿਹਾ। ਕੋਚੀ ਨੂੰ ਛੱਡ ਕੇ ਸਾਰੇ ਸ਼ਹਿਰਾਂ ਵਿੱਚ ਆਫਿਸ ਸਪੇਸਾਂ ਦੀ ਮੰਗ ਵਿੱਚ ਵਾਧਾ ਹੋਇਆ।

## ਰਾਬਰਟ ਵਾਡਰਾ ਦੀ ਕੰਪਨੀ ਵਾਲੇ ਮਕਾਨ ਉੱਤੇ ਇਨਫੋਰਸਮੈਂਟ ਕਬਜ਼ਾ ਚਾਹੁੰਦੈ



ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਇਸ ਵਕਤ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਨਾਲ ਜੁੜੀ ਇਕ ਕੰਪਨੀ ਦੇ ਮਕਾਨ ਦਾ ਕਬਜ਼ਾ ਲੈਣਾ ਚਾਹੁੰਦਾ ਹੈ। ਈ ਡੀ ਨੇ ਕਿਹਾ ਹੈ ਕਿ ਇਹ ਮਕਾਨ ਸਿੱਧੇ ਤੌਰ ਉੱਤੇ ਅਪਰਾਧ ਦੀ ਕਮਾਈ ਨਾਲ ਖਰੀਦਿਆ ਅਤੇ ਬੀਕਾਨੇਰ ਜ਼ਮੀਨ ਘਪਲੇ ਨਾਲ ਜੁੜਿਆ ਹੈ, ਜਿਸ ਦਾ ਜ਼ਿਕਰ ਈ ਡੀ ਨੇ ਰਿਪੋਰਟ ਵਿੱਚ ਪਹਿਲੀ ਵਾਰ ਸਾਲ ਫਰਵਰੀ 2019 ਕੀਤਾ ਸੀ।

ਤਾਜ਼ਾ ਜਾਣਕਾਰੀ ਅਨੁਸਾਰ ਇਸ ਕੇਸ ਵਿੱਚ ਈ ਡੀ ਨੇ ਮਨੀ ਲਾਂਡਰਿੰਗ ਰੋਕਥਾਮ ਐਕਟ (ਪੀ ਐੱਮ ਐੱਲ ਏ) ਦੇ ਟ੍ਰਿਬਿਊਨਲ ਵਿੱਚ ਅਰਜ਼ੀ ਦਾਇਰ ਕਰ ਕੇ ਅਪੀਲ ਕੀਤੀ ਹੈ ਕਿ ਉਹ ਰਾਬਰਟ ਅਤੇ ਉਨ੍ਹਾਂ ਦੀ ਕੰਪਨੀ ਸਕਾਈ ਲਾਈਟ ਹੋਸਪੀਟੈਲਿਟੀ ਲਿਮਟਿਡ ਵਿਰੁੱਧ ਚੱਲਦੀ ਜਾਂਚ ਉੱਤੇ ਲਾਈ ਗਈ ਰੋਕ ਵਾਪਸ ਲਵੇ, ਜਿਸ ਸੰਬੰਧ ਵਿੱਚ ਉਨ੍ਹਾਂ ਨੇ ਆਦੇਸ਼ ਪਿਛਲੇ ਸਾਲ ਅਗਸਤ ਵਿੱਚ ਦਿੱਤਾ ਸੀ। ਈ ਡੀ ਅਨੁਸਾਰ ਇਹ ਮਕਾਨ ਕਰੀਬ 10 ਕਰੋੜ ਰੁਪਏ ਦਾ ਖਰੀਦਿਆ ਗਿਆ ਸੀ। ਇਸ ਵਿੱਚੋਂ 4.43 ਕਰੋੜ ਰੁਪਏ ਵਾਡਰਾ ਦੀ ਕੰਪਨੀ ਨੇ ਦਿੱਤੇ ਸਨ। ਇਸ ਲਈ ਜੇ ਟ੍ਰਿਬਿਊਨਲ ਆਪਣੇ ਆਦੇਸ਼ ਨੂੰ ਵਾਪਸ ਲੈ ਲਵੇ ਤਾਂ ਈ ਡੀ ਆਪਣੀ ਬਚਦੀ ਜਾਂਚ ਪੂਰੀ ਕਰ ਸਕੇਗੀ, ਕਿਉਂਕਿ ਵਾਡਰਾ ਲਗਾਤਾਰ ਬੀਕਾਨੇਰ ਲੈਂਡ ਘਪਲੇ ਵਿੱਚ ਆਪਣੀ ਭੂਮਿਕਾ ਤੋਂ ਮਨ੍ਹਾ ਕਰ ਰਹੇ ਹਨ।

ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਈ ਡੀ ਦਾ ਦੋਸ਼ ਹੈ ਕਿ ਜਾਇਦਾਦ ਵਿਰੁੱਧ ਜਾਂਚ ਕਰਨ ਉੱਤੇ ਰੋਕ ਲਾਉਣਾ ਪੀ ਐੱਮ ਐੱਲ ਏ ਦੇ ਪ੍ਰਬੰਧਾਂ ਵਿਰੁੱਧ ਹੈ। ਉਨ੍ਹਾਂ ਅਨੁਸਾਰ ਟ੍ਰਿਬਿਊਨਲ ਇਸ ਕਾਨੂੰਨ ਅਧੀਨ ਬਣਾਇਆ ਕਾਨੂੰਨੀ ਅੰਗ ਦਾ ਹਿੱਸਾ ਹੈ, ਜਿਹੜਾ ਨਿਯਮ ਅਤੇ ਕਾਨੂੰਨ ਹੇਠ ਕੰਮ ਕਰਦਾ ਹੈ, ਪਰ ਟ੍ਰਿਬਿਊਨਲ ਨੇ 'ਸਕਾਈ ਲਾਈਟ ਹੋਸਪਟੈਲਿਟੀ' ਨੂੰ ਲਾਭ ਪੁਚਾਉਣ ਲਈ ਜਾਂਚ ਉੱਤੇ ਰੋਕ ਲਾਈ ਹੈ।

# ਹਰ ਪਿੰਡ ਦੇ ਨੇੜੇ ਬੈਂਕਿੰਗ ਨੈੱਟਵਰਕ ਮਜ਼ਬੂਤ ਹੋਵੇਗਾ

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਹਰ ਪਿੰਡ ਅਤੇ ਹਰ ਪਰਵਾਰ ਨੂੰ ਬੈਂਕਿੰਗ ਸੇਵਾ ਦੇਣ ਦਾ ਕੰਮ ਕਰ ਚੁੱਕੀ ਮੌਜੂਦਾ ਐਨ ਡੀ ਏ ਸਰਕਾਰ ਦਾ ਅਗਲਾ ਏਜੰਡਾ ਦਿਹਾਤੀ ਖੇਤਰਾਂ ਵਿੱਚ ਬੈਂਕਿੰਗ ਸੇਵਾ ਮਜ਼ਬੂਤ ਕਰਨ ਦਾ ਹੈ। ਇਸ ਦੇ ਲਈ ਪ੍ਰਧਾਨ ਮੰਤਰੀ ਜਨ ਧਨ ਯੋਜਨਾ (ਪੀ ਐੱਮ ਜੇ ਡੀ ਵਾਈ) ਦੇ ਅਗਲੇ ਪੜਾਅ ਨੂੰ ਲਾਗੂ ਕਰਨ ਦੀ ਤਿਆਰੀ ਹੈ ਜਿਸ ਦਾ ਐਲਾਨ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਆਉਣ ਵਾਲੇ ਬਜਟ ਵਿੱਚ ਕਰ ਸਕਦੀ ਹੈ।



ਇਸ ਐਲਾਨ ਦੇ ਤਹਿਤ ਦਿਹਾਤੀ ਖੇਤਰਾਂ ਵਿੱਚ ਬੈਂਕਿੰਗ ਡਿਜੀਟਲ ਇਨਫਰਾਸਟ੍ਰਕਚਰ ਨੂੰ ਮਜ਼ਬੂਤ ਬਣਾਉਣ ਤੇ ਗ੍ਰਾਹਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਬਣਾਉਣ ਦੇ ਅਭਿਆਨ 'ਤੇ ਸਭ ਤੋਂ ਵੱਧ ਜ਼ੋਰ ਦਿੱਤਾ ਜਾਏਗਾ। ਬੈਂਕਾਂ ਨੂੰ ਦਿਹਾਤੀ ਖੇਤਰਾਂ ਵਿੱਚ ਆਪਣੀਆਂ ਸੇਵਾਵਾਂ ਦੇ ਵਿਸਥਾਰ ਦੇ ਲਈ ਨਿੱਜੀ ਦੁਕਾਨਾਂ, ਉਰਵਰਕ ਵਿਕਰੀ ਕੇਂਦਰਾਂ, ਵਿ-ਦਅਕ ਸੰਸਥਾਵਾਂ, ਸਥਾਨਕ ਨਗਰ ਨਿਗਮਾਂ ਦੀ ਮਦਦ ਲੈਣ ਲਈ ਖਾਸ ਤੌਰ 'ਤੇ ਉਤਸ਼ਾਹਤ ਕੀਤਾ ਜਾਏਗਾ। ਸਰਕਾਰ ਦਾ ਇਹ ਐਲਾਨ ਆਰ ਬੀ ਆਈ ਦੀ ਫਾਇਨੈਂਸ਼ੀਅਲ ਇਨਕਲੂਜ਼ਨ 'ਤੇ ਆਉਂਦੇ ਪੰਜ ਸਾਲਾਂ ਦੀ ਰਾਸ਼ਟਰੀ ਰਣਨੀਤੀ 'ਤੇ ਆਧਾਰਤ ਹੋਵੇਗੀ। ਬੈਂਕਿੰਗ ਖੇਤਰ ਦੇ ਸੂਤਰਾਂ ਮੁਤਾਬਕ ਜਨ ਧਨ ਯੋਜਨਾ ਦੇ ਅਗਲੇ ਪੜਾਅ ਵਿੱਚ ਸਾਲ 2024 ਤੱਕ ਦੇਸ਼ ਦਾ ਹਰ ਬੈਂਕ ਆਪਣੇ ਗ੍ਰਾਹਕ ਨੂੰ ਉਸ ਦੇ ਮੋਬਾਈਲ ਫੋਨ 'ਤੇ ਬੈਂਕਿੰਗ ਸੇਵਾ ਦੇਣਾ ਯਕੀਨੀ ਕਰਾਏਗਾ। ਇਹ ਵਿੱਤੀ ਅਤੇ ਤਕਨੀਕੀ ਖੇਤਰ ਵਿੱਚ ਕੰਮ ਕਰਦੀਆਂ ਕੰਪਨੀਆਂ ਲਈ ਬਹੁਤ ਵਿਆਪਕ ਮੌਕੇ ਪੈਦਾ ਕਰੇਗਾ। ਨਾਲ ਹੀ ਇਹ ਮਾਰਚ 2022 ਤੱਕ ਟੀਅਰ-ਦੋ ਤੋਂ ਟੀਅਰ-ਛੇ ਸ਼੍ਰੇਣੀ ਦੇ ਸਾਰੇ ਸ਼ਹਿਰਾਂ (ਛੋਟੇ ਤੋਂ ਬੇਹੱਦ ਛੋਟੇ ਸ਼ਹਿਰਾਂ ਇਲਾਕਿਆਂ) ਨੂੰ ਲੈਸ-ਕੈਸ਼ ਬਣਾਉਣ ਦਾ ਕੰਮ ਕਰੇਗਾ। ਪੀ ਐੱਮ ਜੇ ਡੀ ਵਾਈ ਦੇ ਤਹਿਤ ਪਹਿਲਾਂ ਹੀ ਬੈਂਕ ਖਾਤੇ ਦੇ ਇਲਾਵਾ ਕੁਝ ਦੂਸਰੇ ਵਿੱਤੀ ਅਤੇ ਬੈਂਕਿੰਗ ਉਤਪਾਦ ਗ੍ਰਾਹਕਾਂ ਨੂੰ ਦਿੱਤੇ ਜਾਣ ਲੱਗੇ ਹਨ, ਪ੍ਰੰਤੂ ਦੂਸਰੇ ਪੜਾਅ ਵਿੱਚ ਹਰ ਗ੍ਰਾਹਕ ਨੂੰ ਉਸ ਦੀ ਇੱਛਾ ਅਤੇ ਜ਼ਰੂਰਤ ਦੇ ਮੁਤਾਬਕ ਬੈਂਕ ਖਾਤੇ ਨਾਲ ਕਰਜ਼ੇ ਦੀ ਸਹੂਲਤ, ਮਾਈਕਰੋ ਲਾਈਫ ਅਤੇ ਨਾਨ-ਲਾਈਫ ਇੰਸ਼ੋਰੈਂਸ਼ ਉਤਪਾਦ ਵੀ ਦੇਣ ਦੀ ਵਿਵਸਥਾ ਹੋਵੇਗੀ। ਬੈਂਕਾਂ ਤੇ ਬੀਮਾ ਕੰਪਨੀਆਂ ਨੂੰ ਕਿਹਾ ਜਾਏਗਾ ਕਿ ਇਸ ਮਕਸਦ ਨਾਲ ਖਾਸ ਕਿਸਮ ਦੇ ਬੀਮਾ ਉਤਪਾਦ ਤਿਆਰ ਕਰਨ। ਨਾਲ ਵਿੱਤੀ ਸਾਖਰਤਾ ਦੀ ਨਵੀਂ ਮੁਹਿੰਮ ਬੈਂਕਾਂ ਅਤੇ ਵਿੱਤੀ ਕੰਪਨੀਆਂ ਦੇ ਪੱਧਰ 'ਤੇ ਸ਼ੁਰੂ ਕੀਤੀ ਜਾਏਗੀ।

## ਆਗਰਾ ਦੇ ਉੱਚ ਪੱਧਰੀ ਸੈਕਸ ਸਕੈਂਡਲ ਬਾਰੇ ਪੁਲਸ ਨੇ ਅਹਿਮ ਇੰਕਸ਼ਾਫ ਕੀਤੇ

ਆਗਰਾ, 14 ਜਨਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਪੁਲਸ ਨੇ ਆਗਰਾ ਸੈਕਸ ਸਕੈਂਡਲ ਬਾਰੇ ਖੁਲਾਸਾ ਕੀਤਾ ਹੈ ਕਿ ਦੇਸੀ ਤੇ ਵਿਦੇਸ਼ੀ ਨੌਜਵਾਨ ਲੜਕੀਆਂ ਦਾ ਸਪਲਾਇਰ ਭੀਮਾ ਜੇਲ੍ਹ ਵਿੱਚੋਂ ਧੰਦਾ ਚਲਾ ਰਿਹਾ ਹੈ। ਭੀਮੇ ਦਾ ਮੋਬਾਈਲ ਪੁਲਸ ਦੇ ਕਬਜ਼ੇ ਵਿੱਚ ਹੈ ਅਤੇ ਪੜਤਾਲ ਸੰਬੰਧੀ ਅਹਿਮ ਰੋਲ ਅਦਾ ਕਰ ਰਿਹਾ ਹੈ।

ਪੁਲਸ ਦਾ ਦਾਅਵਾ ਹੈ ਕਿ 500 ਤੋਂ ਵੱਧ ਲੜਕੀਆਂ ਭੀਮਾ ਨਾਲ ਜੁੜੀਆਂ ਹੋਈਆਂ ਹਨ। ਕਾਫੀ ਲੜਕੀਆਂ ਸਦਰ, ਤਾਜਗੰਜ, ਡੌਕੀ, ਫਤਿਹਾਬਾਦ, ਸਿਕੰਦਰਾ ਅਤੇ ਜਗਦੀਸ਼ਪੁਰਾ ਇਲਾਕੇ ਦੀਆਂ ਹਨ। ਪੁਲਸ ਨੇ ਇਸ ਮਾਮਲੇ ਵਿੱਚ ਵੱਡੀ ਕਾਰਵਾਈ ਲਈ ਰੂਪ ਰੇਖਾ ਤਿਆਰ ਕੀਤੀ ਹੈ। ਇੰਸਪੈਕਟਰ ਸਿਕੰਦਰਾ ਅਨੁਜ ਕੁਮਾਰ ਨੇ ਭੀਮਾ ਦੀ ਤਫਤੀਸ਼ ਕੀਤੀ ਸੀ। ਪੁਲਸ ਮੁਤਾਬਕ ਭੀਮਾ ਫੜੇ ਜਾਣ ਤੋਂ ਬਾਅਦ ਵੀ ਖ਼ੌਫਜ਼ਦਾ ਨਹੀਂ। ਉਸ ਨੇ ਕਿਹਾ ਹੈ ਕਿ ਉਸ ਨੂੰ ਜੇਲ੍ਹ ਭੇਜਣ ਨਾਲ ਕੋਈ ਫਰਕ ਨਹੀਂ ਪੈਣ ਵਾਲਾ। ਜਿਸਮ ਫਰੋਸ਼ੀ ਦਾ ਗੈਰ ਕਾਨੂੰਨੀ ਧੰਦਾ ਫਿਰ ਵੀ ਜਾਰੀ ਰਹੇਗਾ।

ਪਹਿਲਾਂ ਸਿਰਫ ਫਤਿਹਾਬਾਦ ਰੋਡ ਦਾ ਇੱਕ ਹੋਟਲ ਇਸ ਲਈ ਸਭ ਤੋਂ ਵੱਧ ਸੁਰੱਖਿਅਤ ਮੰਨਿਆ ਜਾਂਦਾ ਸੀ, ਅੱਜ ਕੱਲ੍ਹ ਹਰ ਹੋਟਲ ਵਿੱਚ ਧੰਦਾ ਹੁੰਦਾ ਹੈ। ਹੋਟਲ ਦੇ ਮੁਲਾਜ਼ਮ ਏਜੰਟਾਂ ਦੇ ਸੰਪਰਕ ਵਿੱਚ ਹਨ। ਗਾਹਕ ਜਦੋਂ ਮੰਗ ਕਰਦਾ ਹੈ ਤਾਂ ਉਹ ਮੰਗ ਪੂਰੀ ਕਰਦੇ ਹਨ। ਉਨ੍ਹਾਂ ਨੂੰ ਸਪਲਾਈ ਕਰਨ ਲਈ ਕਮਿਸ਼ਨ ਮਿਲਦਾ ਹੈ। ਉਨ੍ਹਾਂ ਦਾ ਕੋਈ ਰਿਸਕ ਵੀ ਨਹੀਂ। ਸਿਰਫ ਗਾਹਕ ਦਾ ਨੰਬਰ ਵਟਸਐਪ 'ਤੇ ਭੇਜਦੇ ਹਨ।

# ਨਿਰਭੈਆ ਕੇਸ ਵਿਚ ਚਾਰ ਮੁਜਰਿਮਾਂ ਨੂੰ ਇਕੱਠੇ ਫਾਂਸੀ ਦੇ ਕੇ ਦਾਦੇ ਦਾ ਰਿਕਾਰਡ ਤੋੜੇਗਾ ਜੱਲਾਦ ਪੋਤਰਾ

ਮੇਰਠ, 14 ਜਨਵਰੀ (ਪੋਸਟ ਬਿਊਰੋ)- ਪਿਓ-ਦਾਦੇ ਦੀ ਵਿਰਾਸਤ ਵਿੱਚ ਕਿਸੇ ਨੂੰ ਜ਼ਮੀਨ-ਜਾਇਦਾਦ ਮਿਲਦੀ ਹੈ, ਕਿਸੇ ਨੂੰ ਚੰਗੇ ਸੰਸਕਾਰ। ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਨਾਲ ਲੱਗਦੇ ਯੂ ਪੀ ਦੇ ਮੇਰਠ ਸ਼ਹਿਰ ਵਿੱਚ ਇਨ੍ਹਾਂ ਤੋਂ ਪਰੇ ਇੱਕ ਇਨਸਾਨ ਨੂੰ ਵਿਰਾਸਤ ਵਿੱਚ 'ਜੱਲਾਦੀ' ਮਿਲੀ ਹੈ। ਦੇਸ਼ ਵਿੱਚ ਇਸ ਪਰਵਾਰ ਨੂੰ ਲੋਕ ਜੱਲਾਦਾਂ ਦੇ ਪਰਵਾਰਾਂ ਵਜੋਂ ਜਾਣਦੇ ਹਨ। ਸਾਲ 1950-60 ਦੇ ਦਹਾਕੇ ਵਿੱਚ ਇਸ ਪਰਵਾਰ ਦੀ ਪਹਿਲੀ ਪੀੜ੍ਹੀ ਦੇ ਮੁਖੀ ਲਛਮਣ ਦੇਸ਼ ਵਿੱਚ ਅਦਾਲਤਾਂ ਵੱਲੋਂ ਸਜ਼ਾਯਾਫਤਾ ਕਰਾਰ ਦਿੱਤੇ ਮੁਜਰਿਮਾਂ ਨੂੰ ਫਾਂਸੀ 'ਤੇ ਚੜ੍ਹਾਉਣ ਦਾ ਕੰਮ ਕਰਦੇ ਸਨ। ਉਸੇ ਲਛਮਣ ਜੱਲਾਦ ਦਾ ਪੜਪੋਤਾ ਯਾਨੀ, ਲਛਮਣ ਦੇ ਬੇਟੇ ਕਾਲੂ ਰਾਮ ਜੱਲਾਦ ਦੇ ਬੇਟੇ ਦਾ ਬੇਟਾ (ਚੌਥੀ ਪੀੜ੍ਹੀ) ਪਵਨ ਜੱਲਾਦ ਆਪਣੀ ਜ਼ਿੰਦਗੀ ਦੀ ਪਹਿਲੀ ਫਾਂਸੀ ਦੇਣ ਦੀ ਤਿਆਰੀ ਵਿੱਚ ਲੱਗਾ ਹੈ।



ਪਵਨ ਜੱਲਾਦ ਨੇ ਇਸ ਤੋਂ ਪਹਿਲਾਂ ਕਰੀਬ ਪੰਜ ਫਾਂਸੀਆਂ ਦੌਰਾਨ ਦਾਦਾ ਕਾਲੂ ਰਾਮ ਜੱਲਾਦ ਦਾ ਸਹਿਯੋਗ ਕੀਤਾ ਸੀ। ਉਨ੍ਹਾਂ ਪੰਜ ਫਾਂਸੀਆਂ ਲਵਾਉਣ ਦੌਰਾਨ ਪਵਨ ਨੇ ਫਾਂਸੀ ਲਾਉਣ ਦੀਆਂ ਬਰੀਕੀਆਂ ਦਾਦਾ ਕਾਲੂ ਰਾਮ ਜੱਲਾਦ ਦੇ ਕੋਲੋਂ ਸਿੱਖੀਆਂ ਸਨ। ਇਸ ਵਾਰ ਨਿਰਭੈਆ ਦੇ ਚਾਰਾਂ ਕਾਤਲਾਂ ਨੂੰ ਫਾਂਸੀ ਲਟਕਾਉਣਾ ਪਵਨ ਜੱਲਾਦ ਦਾ ਆਪਣੀ ਜ਼ਿੰਦਗੀ ਵਿੱਚ ਫਾਂਸੀ 'ਤੇ ਲਟਕਾਉਣ ਦਾ ਪਹਿਲਾ ਤਜਰਬਾ ਹੋਵੇਗਾ। ਪਵਨ ਜੱਲਾਦ ਨੇ ਕਿਹਾ, ਮੈਂ ਬਿਲਕੁਲ ਤਿਆਰ ਬੈਠਾ ਹਾਂ। ਇਹ ਮੇਰੇ ਪੁਰਖਿਆਂ ਦਾ ਅਸ਼ੀਰਵਾਦ ਹੈ ਕਿ ਉਨ੍ਹਾਂ ਨੇ ਆਪਣੀ ਪੂਰੀ ਉਮਰ ਵਿੱਚ ਇੱਕ ਵਾਰ ਵਿੱਚ ਇੱਕ ਜਾਂ ਜ਼ਿਆਦਾ ਤੋਂ ਜ਼ਿਆਦਾ ਦੋ ਮੁਜਰਿਮਾਂ ਨੂੰ ਫਾਂਸੀ ਦੇ ਫੰਦੇ 'ਤੇ ਟੰਗਿਆ ਸੀ। ਮੈਂ ਇਕੱਠੇ ਜ਼ਿੰਦਗੀ ਵਿੱਚ ਪਹਿਲੀ ਫਾਂਸੀ ਵਿੱਚ ਚਾਰ ਮੁਜਰਿਮਾਂ ਨੂੰ ਟੰਗਣ ਵਾਲਾ ਹਾਂ। ਪਵਨ ਨੇ ਕਿਹਾ ਕਿ ਅਜੇ ਤੱਕ ਹਿੰਦੁਸਤਾਨ ਦੇ ਕਰੀਬ 100 ਸਾਲ ਦੇ ਇਤਿਹਾਸ ਵਿੱਚ ਕਦੇ ਵੀ ਚਾਰ ਮੁਜਰਿਮਾਂ ਨੂੰ ਇਕੱਠੇ ਕਿਸੇ ਜੱਲਾਦ ਨੇ ਫਾਂਸੀ 'ਤੇ ਨਹੀਂ ਲਟਕ-ਾਇਆ। ਇਹ ਮੌਕਾ ਮੇਰੇ ਹੱਥ ਪਹਿਲੀ ਵਾਰ ਲੱਗਣਾ ਹੈ।

# ਹਾਫਿਜ਼ ਸਈਦ ਨੇ ਅੱਤਵਾਦ ਦੀ ਫੰਡਿੰਗ ਕਰਨ ਦਾ ਜੁਰਮ ਕਬੂਲ ਨਹੀਂ ਕੀਤਾ



ਇਸਲਾਮਾਬਾਦ, 14 ਜਨਵਰੀ (ਪੋਸਟ ਬਿਊਰੋ)- ਮੁੰਬਈ ਵਿੱਚ ਸਾਲ 2008 ਵਿੱਚ ਹੋਏ ਅੱਤਵਾਦੀ ਹਮਲੇ ਦੇ ਮਾਸਟਰ ਮਾਈਂਡ ਅਤੇ ਅੱਤਵਾਦੀ ਸੰਗਠਨ ਜਮਾਤ-ਉਦ-ਦਾਵਾ ਦੇ ਮੁਖੀ ਹਾਫਿਜ਼ ਸਈਦ ਨੇ ਅੱਜ ਮੰਗਲਵਾਰ ਨੂੰ ਅੱਤਵਾਦ ਦੀ ਫੰਡਿੰਗ ਦੇ ਮਾਮਲੇ ਵਿਚ ਅਦਾਲਤ ਸਾਹਮਣੇ ਆਪਣਾ ਜੁਰਮ ਨਹੀਂ ਕਬੂਲ ਕੀਤਾ।

ਅੱਤਵਾਦੀ ਗਰੁੱਪਾਂ ਉੱਤੇ ਨਕੇਲ ਕੱਸਣ ਦੇ ਵਧਦੇ ਅੰਤਰਰਾਸ਼ਟਰੀ ਦਬਾਅ ਹੇਠ ਜਮਾਤ ਉਦ ਦਾਵਾ ਦੇ ਸਰਗਨੇ ਨੇ ਇਥੇ ਅਦਾਲਤ ਵਿਚ ਆਪਣਾ ਬਿਆਨ ਦਰਜ ਕਰਵਾਇਆ। ਹਾਫਿਜ਼ ਦੇ ਖਿਲਾਫ 23 ਮਾਮਲੇ ਦਰਜ ਹਨ ਤੇ ਉਸ ਨੂੰ 17 ਜੁਲਾਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਦੁਨੀਆ ਦੇ ਸਾਹਮਣੇ ਪਾਕਿਸਤਾਨ ਕਾਰਵਾਈ ਦੇ ਨਾਂ ਉੱਤੇ ਸਿਰਫ ਦਿਖਾਵਾ ਕਰ ਰਿਹਾ ਹੈ। ਬਚਾਅ ਪੱਖ ਦੇ ਵਕੀਲ ਨੇ ਜਮਾਤ-ਉਦ-ਦਾਵਾ ਨੇਤਾ ਉੱਤੇ ਲਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਨੇ ਹਾਫਿਜ਼ ਉੱਤੇ ਅੰਤਰਰਾਸ਼ਟਰੀ ਦਬਾਅ ਦੇ ਕਾਰਨ ਇਹ ਦੋਸ਼ ਲਾਏ ਗਏ ਹਨ।

ਵਰਨਣ ਯੋਗ ਹੈ ਕਿ ਜਮਾਤ-ਉਦ-ਦਾਵਾ ਦੀ ਲੀਡਰਸ਼ਿਪ ਅੱਜਕੱਲ੍ਹ ਟੈਰਰ ਫੰਡਿੰਗ ਤੇ ਮਨੀ ਲਾਂਡ੍ਰਿੰਗ ਕਰਨ ਦੇ ਦੋ ਦਰਜਨ ਤੋਂ ਵਧੇਰੇ ਕੇਸਾਂ ਦਾ ਸਾਹਮਣਾ ਕਰ ਰਹੀ ਹੈ, ਜੋ ਪੰਜ ਵੱਖ-ਵੱਖ ਸ਼ਹਿਰਾਂ ਵਿਚ ਦਰਜ ਹਨ। ਰਿਪੋਰਟ ਮੁਤਾਬਕ ਜਮਾਤ-ਉਦ-ਦਾਵਾ ਹੀ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਲਈ ਪੈਸੇ ਦਾ ਪ੍ਰਬੰਧ ਕਰਦਾ ਸੀ। ਇਸ ਭੂਮਿਕਾ ਬਾਰੇ ਪਾਕਿਸਤਾਨ ਐਫ ਏ ਟੀ ਐਫ ਅਤੇ ਅਮਰੀਕਾ ਦੇ ਨਿਸ਼ਾਨੇ ਉੱਤੇ ਰਿਹਾ ਹੈ। ਲਸ਼ਕਰ ਨੇ 2008 ਦੇ ਮੁੰਬਈ ਵਿੱਚ ਹਮਲਾ ਕਰਵਾਇਆ ਸੀ, ਜਿਸ ਵਿਚ 6 ਅਮਰੀਕੀ ਨਾਗਰਿਕਾਂ ਸਮੇਤ 166 ਲੋਕ ਮਾਰੇ ਗਏ ਸਨ। ਲਸ਼ਕਰ ਨੇ ਭਾਰਤ ਵਿਚ ਕਈ ਅੱਤਵਾਦੀ ਹਮਲੇ ਕਰਾਏ ਹਨ। ਬੀਤੇ ਅਕਤੂਬਰ ਵਿਚ ਫਾਈਨੈਂਸ਼ਲ ਐਕਸ਼ਨ ਟਾਸਕ ਫੋਰਸ ਨੇ ਪਾਕਿਸਤਾਨ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਸੀ ਕਿ ਜੇ ਪਾਕਿਸਤਾਨ 27 ਫਰਵਰੀ ਤੱਕ ਐਫ ਏ ਟੀ ਐਫ ਵਲੋਂ ਦਿੱਤੇ ਗਏ ਟੀਚਿਆਂ ਨੂੰ ਪੂਰਾ ਨਹੀਂ ਕਰਦਾ ਤੇ ਆਪਣੇ ਦੇਸ਼ ਤੋਂ ਅੱਤਵਾਦੀ ਫੰਡਿੰਗ ਨਹੀਂ ਰੋਕਦਾ ਤਾਂ ਉਸ ਨੂੰ ਬਲੈਕ ਲਿਸਟ ਕਰ ਦਿੱਤਾ ਜਾਵੇਗਾ।


# ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਲੰਡਨ ਦੇ ਰੈਸਤਰਾਂ ਦੀ ਤਸਵੀਰ ਵਾਇਰਲ



ਇਸਲਾਮਾਬਾਦ, 14 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਆਪਣੇ ਪਰਿਵਾਰਕ ਮੈਂਬਰਾਂ ਨਾਲ ਲੰਡਨ ਦੇ ਇਕ ਰੈਸਤਰਾਂ ਦੀ ਤਸਵੀਰ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਹੈ। ਇਸ ਕਾਰਨ ਵਿਰੋਧੀ ਧਿਰ ਨੇ ਉਨ੍ਹਾਂ ਦੀ ਬਿਮਾਰੀ ਉੱਤੇ ਸਵਾਲ ਚੁੱਕੇ ਹਨ।

ਭ੍ਰਿਸ਼ਟਾਚਾਰ ਦੇ ਕੇਸ ਵਿੱਚ ਸੱਤ ਸਾਲ ਦੀ ਸਜ਼ਾ ਕੱਟ ਰਹੇ ਸ਼ਰੀਫ਼ (69) ਬਿਮਾਰੀ ਕਾਰਨ ਜ਼ਮਾਨਤ ਮਿਲਣ ਉੱਤੇ ਇਲਾਜ ਲਈ ਨਵੰਬਰ 2019 ਵਿੱਚ ਵਿਸ਼ੇਸ਼ ਹਵਾਈ ਐਂਬੂਲੈਂਸ ਰਾਹੀਂ ਲੰਡਨ ਗਏ ਸਨ। ਪੀ ਐੱਮ ਐੱਲ-ਐੱਨ ਦੇ ਮੁਖੀ ਨਵਾਜ਼ ਸ਼ਰੀਫ ਦਾ ਇਸ ਸਮੇਂ ਕਈ ਬਿਮਾਰੀਆਂ ਦਾ ਇਲਾਜ ਲੰਡਨ ਵਿਚ ਹੋ ਰਿਹਾ ਹੈ। ਇਸ ਸੋਮਵਾਰ ਲੀਕ ਹੋਈ ਇਸ ਤਸਵੀਰ ਤੋਂ ਸ਼ਰੀਫ਼ ਦੀ ਸਿਹਤ ਠੀਕ ਲੱਗਦੀ ਹੈ, ਉਹ ਆਪਣੇ ਪੁੱਤਰ ਹਸਨ, ਪੀ ਐੱਮ ਐੱਲ-ਐੱਨ ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ਼ ਅਤੇ ਉਨ੍ਹਾਂ ਦੇ ਪੁੱਤਰ ਸਲਮਾਨ ਤੇ ਸਾਬਕਾ ਵਿੱਤ ਮੰਤਰੀ ਇਸਹਾਕ ਡਾਰ ਨਾਲ ਬੈਠੇ ਹਨ। ਕੇਂਦਰੀ ਸਾਇੰਸ ਮੰਤਰੀ ਫਵਾਦ ਚੌਧਰੀ ਨੇ ਇਹ ਤਸਵੀਰ ਅਪਲੋਡ ਕਰ ਕੇ ਆਪਣੇ ਟਵਿੱਟਰ ਉੱਤੇ ਪਾਈ ਹੈ ਅਤੇ ਆਪਣੇ ਕੁਮੈਂਟ ਵਿਚ ਕਿਹਾ ਹੈ ਕਿ ਲੰਡਨ ਦੇ ਆਈ ਸੀ ਯੂ ਵਿੱਚ ਇਲਾਜ ਕਰਵਾ ਰਹੇ ਮਰੀਜ਼ ਦੀ ਹਾਲਤ ਵਿੱਚ ਕਾਫ਼ੀ ਸੁਧਾਰ ਹੈ। 'ਡਾਨ' ਅਖ਼ਬਾਰ ਅਨੁਸਾਰ ਨਵਾਜ਼ ਸ਼ਰੀਫ ਦੀ ਇਸ ਤਸਵੀਰ ਬਾਰੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਅਗਵਾਈ ਵਿੱਚ ਇਸਲਾਮਾਬਾਦ ਵਿਖੇ ਹੋਈ ਮੀਟਿੰਗ ਵਿਚ ਵੀ ਵਿਚਾਰ ਕੀਤਾ ਗਿਆ। ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਕਿ ਮਰੀਜ਼ ਨੂੰ ਇਲਾਜ ਲਈ ਵਿਦੇਸ਼ ਭੇਜਣ ਸਮੇਂ ਡਾਕਟਰ ਇਹ ਕਹਿੰਦੇ ਸਨ ਕਿ ਉਸ ਦੀ ਕਿਸੇ ਵੀ ਸਮੇਂ ਮੌਤ ਹੋ ਸਕਦੀ ਹੈ, ਪ੍ਰੰਤੂ ਉਹ ਮਰੀਜ਼ ਬਿਲਕੁਲ ਠੀਕ ਠਾਕ ਲੱਗਦਾ ਹੈ। ਇਸ ਤਸਵੀਰ ਨਾਲ ਨਵਾਜ਼ ਸ਼ਰੀਫ਼ ਨੂੰ ਜ਼ਮਾਨਤ ਲਈ ਹੋਰ ਸਮਾਂ ਮਿਲਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਮਹਿਲਾ ਰੈਸਲਰ ਨੇ ਪਹਿਲੀ ਵਾਰ ਪੁਰਸ਼ ਵਰਲਡ ਚੈਂਪੀਅਨਸ਼ਿਪ ਦੀ ਬੈਲਟ ਜਿੱਤੀ



ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਟੈਸਾ ਬਲੈਂਚਰਡ ਅਜਿਹੀ ਪਹਿਲੀ ਮਹਿਲਾ ਰੈਸਲਰ ਬਣ ਗਈ ਹੈ, ਜਿਸ ਨੇ ਇੰਪੈਕਟ ਵਰਲਡ ਰੈਸਲਿੰਗ ਚੈਂਪੀਅਨਸ਼ਿਪ ਦੀ ਪੁਰਸ਼ ਬੈਲਟ ਜਿੱਤ ਲਈ ਹੈ। ਬੀਤੇ ਦਿਨੀਂ ਟੈਸਾ ਨੇ ਕੈਲੀਹਾਨ ਨੂੰ ਹਰਾ ਕੇ ਇਹ ਚੈਂਪੀਅਨਸ਼ਿਪ ਆਪਣੇ ਨਾਂਅ ਕੀਤੀ ਹੈ।

24 ਸਾਲ ਦੀ ਟੈਸਾ ਨੇ ਜਿੱਤ ਤੋਂ ਬਾਅਦ ਕਿਹਾ ਕਿ ਮੈਂ ਅੱਗੇ ਤੋਂ ਇੰਪੈਕਟ ਰੈਸਲਿੰਗ ਵਿੱਚ ਪੁਰਸ਼ ਜਾਂ ਮਹਿਲਾ ਦੀ ਲੀਡਰ ਬਣ ਗਈ ਹਾਂ। ਮੈਂ ਦੁਨੀਆ ਵਿੱਚ ਸਰਵ ਸ੍ਰੇਸ਼ਟ ਵਿੱਚੋਂ ਇੱਕ ਹਾਂ। ਮੈਂ ਅੱਜ ਤੋਂ ਤੁਹਾਡੀ ਨਵੀਂ ਵਰਲਡ ਚੈਂਪੀਅਨ ਹਾਂ। ਮੇਰੀ ਜ਼ਿੰਦਗੀ ਦੇ ਪਿੱਛੇ ਅੱਠ ਮਹੀਨਿਆਂ ਵਿੱਚ ਸੈਮੀ ਅਤੇ ਓਵ ਮੇਰੇ ਉਪਰ ਲਗਾਤਾਰ ਪੱਥਰ ਸੁੱਟਦੇ ਸਨ। ਜ਼ਿੰਦਗੀ ਵਿੱਚ ਕੋਈ ਪ੍ਰਫੈਕਟ ਨਹੀਂ ਹੁੰਦਾ। ਅਸੀਂ ਸਭ ਮਨੁੱਖ ਹਾਂ ਅਤੇ ਇਹ ਮਹੱਤਵ ਨਹੀਂ ਰੱਖਦਾ ਕਿ ਤੁਸੀਂ ਮੇਰੇ ਬਾਰੇ ਕੀ ਬੋਲ ਰਹੇ ਹੋ। ਮੈਨੂੰ ਪਤਾ ਹੈ ਕਿ ਮੇਰੇ ਕੋਲ ਇੱਕ ਮਜ਼ਬੂਤ ਦਿਮਾਗ ਹੈ। ਇਹ ਮੇਰੀ ਮਦਦ ਕਰਦਾ ਹੈ।''

ਜ਼ਿਕਰ ਯੋਗ ਹੈ ਕਿ ਟੈਸਾ ਬੀਤੇ ਦਿਨੀਂ ਮਹਿਲਾ ਰੈਸਲਰ ਐਲੀਸਿਨ ਨਾਲ ਟਵੀਟ ਵਿਵਾਦ ਕਾਰਨ ਵੀ ਚਰਚਾ ਵਿੱਚ ਆਈ ਸੀ। ਦਰਅਸਲ ਐਲੀਸਿਨ ਨੇ ਇੱਕ ਟਵੀਟ ਕੀਤਾ ਸੀ, ਜਿਸ ਵਿੱਚ ਉਸ ਨੇ ਲਿਖਿਆ ਸੀ, ''ਹੇ ਮਹਿਲਾਵੋ, ਇੱਕ ਹੋਰ ਸਪੋਰਟ ਕਰੋ, ਚੰਗੇ ਨਤੀਜੇ ਆਉਣਗੇ?'' ਇਸ 'ਤੇ ਟੈਸਾ ਨੇ ਐਲੀਸਿਨ 'ਤੇ ਸਿੱਧਾ ਦੋਸ਼ ਲਾ ਦਿੱਤਾ ਕਿ ਤੁਸੀਂ ਅਜਿਹਾ ਕਿਵੇਂ ਬੋਲ ਸਕਦੇ ਹੋ, ਜਿਹੜੀ ਬਲੈਕ ਮਹਿਲਾ ਨੂੰ ਦੇਖ ਕੇ ਉਸ ਦੇ ਮੂੰਹ 'ਤੇ ਥੁੱਕਦੀ ਹੈ ਤੇ ਉਸ ਨੂੰ ਗਾਲ੍ਹਾਂ ਦਿੰਦੀ ਹੈ। ਟੈਸਾ ਦੇ ਇਸ ਕੁਮੈਂਟ ਤੋਂ ਬੌਖਲਾਈ ਐਲੀਸਿਨ ਨੇ ਕਿਹਾ ਸੀ ਕਿ ਇਹ ਝੂਠ ਹੈ। ਟੈਸਾ-ਐਲੀਸਿਨ ਦੇ ਇਸ ਵਿਵਾਦ ਨੇ ਕਾਫੀ ਸੁਰਖੀਆਂ ਬਟੋਰੀਆਂ ਸਨ। ਟੈਸਾ ਸੋਸ਼ਲ ਮੀਡੀਆ 'ਤੇ ਕਾਫੀ ਐਕਟਿਵ ਰਹਿੰਦੀ ਹੈ। ਉਸ ਦੇ ਇੰਸਟਾਗ੍ਰਾਮ ਉਤੇ ਚਾਰ ਲੱਖ ਤੋਂ ਵੱਧ ਫਾਲੋਅਰ ਹਨ। ਬੀਤੇ ਦਿੀਂ ਹੀ ਉਸ ਨੇ ਅਚਾਨਕ ਮੰਗਣੀ ਕਰ ਕੇ ਆਪਣੇ ਫੈਨਜ਼ ਨੂੰ ਹੈਰਾਨੀ ਵਿੱਚ ਪਾ ਦਿੱਤਾ ਸੀ।

## ਪਾਕਿ ਹਾਈਕੋਰਟ ਵਲੋਂ ਮੁਸ਼ੱਰਫ ਦੀ ਸਜ਼ਾ ਅਸੰਵਿਧਾਨਿਕ ਕਰਾਰ

ਇਸਲਾਮਾਬਾਦ, 14 ਜਨਵਰੀ, (ਪੋਸਟ ਬਿਊਰੋ)- ਪਾਕਿਸਤਾਨ 'ਚ 1999 ਤੋਂ 2008 ਤੱਕ ਸੱਤਾ 'ਤੇ ਕਾਬਜ਼ ਜਨਰਲ ਪਰਵੇਜ਼ ਮੁਸਰਫ ਦੀ ਫਾਂਸੀ ਦੀ ਸਜ਼ਾ ਨੂੰ ਅਸੰਵਿਧਾਨਿਕ ਕਰਾਰ ਦਿੱਤਾ ਹੈ ਅਤੇ ਕਿਹਾ ਕਿ ਪਰਵੇਜ਼ ਮੁਸ਼ਰੱਫ ਨੂੰ ਫਾਂਸੀ ਦੀ ਸਜ਼ਾ ਕਾਨੂੰਨੀ ਨਿਯਮਾਂ ਦੇ ਉਲਟ ਦਿੱਤੀ ਗਈ ਸੀ। ਇਹ ਖਬਰ ਪਾਕਿਸਤਾਨੀ ਮੀਡੀਆ ਦੀਆਂ ਰਿਪੋਰਟਾਂ ਤੋਂ ਮਿਲ ਰਹੀ ਹੈ। ਜ਼ਿਕਰਯੋਗ ਹੈ ਕਿ ਜਨਰਲ ਪਰਵੇਜ਼ ਮੁਸਰਫ ਨੂੰ 17 ਦਸੰਬਰ 2019 ਦਿਨ ਮੰਗਲਵਾਰ ਨੂੰ ਪਾਕਿਸਤਾਨ ਦੀ ਇੱਕ ਵਿਸ਼ੇਸ਼ ਅਦਾਲਤ ਵੱਲੋਂ ਦੇਸ਼-ਧ੍ਰੋਹ ਦੇ ਮਾਮਲੇ 'ਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਇਹ ਮਾਮਲਾ ਨਵੰਬਰ 2007 ਦਾ ਹੈ ਜਦੋਂ ਉਨ੍ਹਾਂ ਵੱਲੋਂ ਪਾਕਿਸਤਾਨ 'ਚ ਐਮਰਜੈਂਸੀ ਲਾਈ ਗਈ ਸੀ। ਫਿਲਹਾਲ ਪਰਵੇਜ਼ ਮੁਸਰਫ ਡੁਬਈ 'ਚ ਹਨ।

# ਬੁਰਜ ਖ਼ਲੀਫ਼ਾ ਉੱਤੇ ਬਿਜਲੀ ਡਿੱਗੀ, ਪਰ ਕੋਈ ਨੁਕਸਾਨ ਨਹੀਂ



ਦੁਬਈ, 14 ਜਨਵਰੀ (ਪੋਸਟ ਬਿਊਰੋ)- ਦੁਬਈ ਵਿੱਚ ਪਰਸੋਂ ਭਿਆਨਕ ਤੂਫਾਨ ਆਇਆ। ਚੰਗੀ ਬਾਰਸ਼ ਹੋਈ, ਪੂਰੇ ਦੁਬਈ ਵਿੱਚ ਥਾਂ-ਥਾਂ ਪਾਣੀ ਭਰ ਗਿਆ, ਪਰ ਇਸ ਵਿੱਚ ਕੁੱਝ ਅਜਿਹਾ ਹੋਇਆ, ਜਿਸਦਾ ਇੰਤਜ਼ਾਰ ਇੱਕ ਫੋਟੋਗ੍ਰਾਫ਼ਰ ਨੂੰ ਪਿਛਲੇ ਸੱਤ ਸਾਲਾਂ ਤੋਂ ਸੀ। ਇਹ ਨਜਾਰਾ ਸੀ ਬੁਰਜ ਖਲੀਫਾ ਉੱਤੇ ਬਿਜਲੀ ਡਿੱਗਣ ਦਾ।

ਇਸ ਫੋਟੋਗ੍ਰਾਫ਼ਰ ਨੇ ਇਸ ਨਜਾਰੇ ਨੂੰ ਆਪਣੇ ਕੈਮਰੇ ਵਿੱਚ ਕੈਪਚਰ ਕਰਨ ਲਈ ਪੂਰੀ ਰਾਤ ਰੇਗਿਸਤਾਨ ਵਿੱਚ ਹੋ ਰਹੀ ਬਾਰਿਸ਼ ਵਿੱਚ ਇੱਕ ਕੈਂਪ ਲਾਇਆ ਤਾਂ ਕਿ ਪ੍ਰਫ਼ੈਕਟ ਸ਼ਾਟ ਲੈ ਸਕੇ। ਆਖ਼ਿਰ ਉਸ ਫੋਟੋਗ੍ਰਾਫ਼ਰ ਨੂੰ ਤਸਵੀਰ ਮਿਲੀ। ਇਸ ਫੋਟੋਗ੍ਰਾਫ਼ਰ ਦਾ ਨਾਮ ਹੈ ਜੋਹੇਬ ਅੰਜੁਬ। ਜੋਹੇਬ ਨੇ ਸ਼ੁੱਕਰਵਾਰ ਰਾਤ ਆਏ ਤੂਫਾਨ ਵੇਲੇ ਦੁਨੀਆ ਦੀ ਸਭ ਤੋਂ ਉੱਚੀ ਇਮਾਰਤ ਉੱਤੇ ਡਿੱਗਦੀ ਹੋਈ ਬਿਜਲੀ ਦੀ ਤਸਵੀਰ ਲਈ। ਉਹ ਪੂਰੀ ਰਾਤ ਇੱਕ ਰੇਗਿਸਤਾਨ ਵਿੱਚ ਬਾਰਿਸ਼ ਵਿੱਚ ਛੋਟੇ ਜਿਹੇ ਕੈਂਪ ਵਿੱਚ ਸੀ ਤਾਂ ਕਿ ਵਧੀਆ ਤਸਵੀਰ ਲੈ ਸਕੇ। ਫੋਟੋ ਲੈਣ ਤੋਂ ਬਾਅਦ ਜੋਹੇਬ ਨੇ ਦੱਸਿਆ ਕਿ ਇਸ ਤਸਵੀਰ ਨੇ ਮੇਰੇ ਲਈ ਸਾਲ 2020 ਦੀ ਚੰਗੀ ਸ਼ੁਰੂਆਤ ਕੀਤੀ ਹੈ। ਮੇਰੇ ਲਈ ਉਹ ਪਲ ਬੜਾ ਕੀਮਤੀ ਸੀ, ਜਦੋਂ 2720 ਫੁੱਟ ਉੱਚੇ ਬੁਰਜ ਖਲੀਫੇ ਦੇ ਸਭ ਤੋਂ ਉਪਰਲੇ ਹਿੱਸੇ ਉੱਤੇ ਬਿਜਲੀ ਟਕਰਾਈ।

ਜੋਹੇਬ ਅੰਜੁਮ ਦੀ ਇਹ ਤਸਵੀਰ ਬੁਰਜ ਖਲੀਫੇ ਦੇ ਪ੍ਰਸ਼ਾਸਨ ਅਤੇ ਦੁਬਈ ਦੇ ਰਾਜਕੁਮਾਰ ਸ਼ੇਖ ਹਮਦਾਨ ਨੇ ਵੀ ਆਪਣੇ ਟਵਿਟਰ ਹੈਂਡਲ ਤੋਂ ਸ਼ੇਅਰ ਕੀਤੀ ਹੈ। ਇਸ ਮੌਕੇ ਜੋਹੇਬ ਨੇ ਦੱਸਿਆ ਕਿ ਜਦੋਂ ਬਿਜਲੀ ਟਕਰਾਈ ਤਾਂ ਦੁਬਈ ਦਾ ਪੂਰਾ ਅਸਮਾਨ ਨੀਲੇ ਰੰਗ ਦੀ ਰੋਸ਼ਨੀ ਨਾਲ ਰੰਗਿਆ ਗਿਆ। ਦੁਬਈ ਦੇ ਮੀਡੀਆ ਮੁਤਾਬਕ 1996 ਤੋਂ ਬਾਅਦ ਦੁਬਈ ਸਣੇ ਯੂ ਏ ਈ ਦੇ ਕਈ ਹਿੱਸਿਆਂ ਵਿੱਚ ਇੰਨੀ ਬਾਰਸ਼ ਹੋਈ ਹੈ। ਇੰਨਾ ਭਿਆਨਕ ਤੂਫਾਨ ਆਇਆ ਹੈ।

# ਚੰਦ ਦੀ ਸੈਰ ਉਤੇ ਜਾਣ ਲਈ ਅਰਬਪਤੀ ਨੂੰ ਸੁੰਦਰ ਗਰਲ ਫਰੈਂਡ ਦੀ ਤਲਾਸ਼



ਟੋਕੀਓ, 14 ਜਨਵਰੀ (ਪੋਸਟ ਬਿਊਰੋ)- ਜਾਪਾਨ ਦੇ ਮਸ਼ਹੂਰ ਅਰਬਪਤੀ ਅਤੇ ਆਨਲਾਈਨ ਫੈਸ਼ਨ ਰਿਟੇਲਰ ਜੋਜੋ ਦੇ ਸੀ ਈ ਓ ਯੂਸਾਕੋ ਮਾਏਜਾਵਾ ਚੰਦ ਦੀ ਸੈਰ 'ਤੇ ਜਾਣ ਵਾਲੇ ਦੁਨੀਆ ਦੇ ਪਹਿਲੇ ਸੈਲਾਨੀ ਹੋਣਗੇ। ਜਲਦੀ ਹੀ ਉਹ ਅਮਰੀਕਾ ਦੀ ਪ੍ਰਾਈਵੇਟ ਕੰਪਨੀ ਸਪੇਸਐਕਸ ਰਾਕੇਟ ਨਾਲ ਚੰਦ 'ਤੇ ਘੁੰਮਣ ਜਾਣ ਵਾਲੇ ਹਨ।

ਯੂਸਾਕੋ ਮਾਏਜਾਵਾ ਇਸ ਮੂਨ ਟ੍ਰਿਪ ਉਤੇ ਇਕੱਲੇ ਨਹੀਂ ਜਾਣਾ ਚਾਹੁੰਦੇ। ਇਸ ਸ਼ਾਨਦਾਰ ਤੇ ਰੋਮਾਂਚਕ ਸਫਰ ਲਈ ਉਹ ਇੱਕ ਗਰਲਫਰੈਂਡ ਲੱਭ ਰਹੇ ਹਨ। ਇਸ ਲਈ ਉਨ੍ਹਾਂ ਨੇ ਬਾਕਾਇਦਾ ਆਨਲਾਈਨ ਐਡ ਦਿੱਤਾ ਹੈ। ਯੂਸਾਕੋ ਮਾਏਜਾਵਾ ਨੇ ਪਿੱਛੇ ਜਿਹੇ ਜਾਪਾਨੀ ਐਕਟਰੈਸ ਨਾਲ ਬ੍ਰੇਕਅਪ ਦੀਆਂ ਗੱਲਾਂ ਕਨਫਰਮ ਕੀਤੀਆਂ ਸਨ। ਇਸ ਤੋਂ ਬਾਅਦ ਉਹ ਫਿਰ ਤੋਂ ਰਿਲੇਸ਼ਨਸ਼ਿਪ 'ਚ ਜਾਣ ਨੂੰ ਤਿਆਰ ਹਨ। ਮੂਨ ਟ੍ਰਿਪ ਨੂੰ ਬਹੁਤ ਖਾਸ ਬਣਾਉਣ ਲਈ ਉਨ੍ਹਾਂ ਨੇ ਇੰਟਰਨੈਟ ਉੱਤੇ ਜੋ ਐਡ ਦਿੱਤੀ ਹੈ, ਉਸ ਮੁਤਾਬਕ ਮਾਏਜਾਵਾ ਦੀ ਗਰਲਫਰੈਂਡ ਬਣਨ ਲਈ ਲੜਕੀ ਦੀ ਉਮਰ 20 ਤੋਂ ਵੱਧ ਹੋਣੀ ਚਾਹੀਦੀ ਹੈ। ਲੜਕੀ ਬਹੁਤ ਖ਼ੂਬਸੂਰਤ ਤੇ ਸਿੰਗਲ ਹੋਣੀ ਚਾਹੀਦੀ ਹੈ। ਨਾਲ ਉਹ ਜ਼ਿੰਦਾਦਿਲ ਵੀ ਹੋਵੇ।

ਇੱਕ ਟੀ ਵੀ ਸ਼ੋਅ 'ਚ ਯੂਸਾਕੋ ਮਾਏਜਾਵਾ ਨੇ ਇਹ ਗੱਲ ਕਹੀ। ਉਨ੍ਹਾਂ ਕਿਹਾ, ''ਜ਼ਿੰਦਗੀ ਦੇ ਇਸ ਪੜਾਅ 'ਚ ਆ ਕੇ ਮੈਂ ਕੁਝ ਇਕੱਲਾਪਣ ਜਿਹਾ ਮਹਿਸੂਸ ਕਰ ਰਿਹਾ ਸੀ, ਇਸ ਲਈ ਮੈਂ ਚੰਦ ਦੀ ਸੈਰ ਕਰਨ ਦਾ ਫੈਸਲਾ ਲਿਆ। ਬਜਪਨ ਤੋਂ ਮੈਨੂੰ ਚੰਦ ਨਾਲ ਪਿਆਰ ਹੈ। ਇਹ ਮੇਰੇ ਜੀਵਨ ਦਾ ਸੁਫਨਾ ਹੈ।"

# ਇਰਾਕ ਵਿੱਚ ਦੋ ਪੱਤਰਕਾਰਾਂ ਦੀ ਹੱਤਿਆ



ਬਗ਼ਦਾਦ, 14 ਜਨਵਰੀ (ਪੋਸਟ ਬਿਊਰੋ)- ਇਰਾਕ ਦੇ ਬਸਰਾ ਸ਼ਹਿਰ ਵਿੱਚ ਪਿਛਲੇ ਹਫ਼ਤੇ ਸਰਕਾਰ ਵਿਰੋਧੀ ਪ੍ਰਦਰਸ਼ਨ ਨੂੰ ਕਵਰ ਕਰਦਿਆਂ ਦੋ ਪੱਤਰਕਾਰਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਮਿਲੀ ਜਾਣਕਾਰੀ ਅਨੁਸਾਰ ਇਰਾਕ ਵਿੱਚ ਅਮਰੀਕੀ ਦੂਤਘਰ ਦੇ ਅਧਿਕਾਰੀਆਂ ਨੇ ਇਸ ਦੀ ਪੁਸ਼ਟੀ ਕੀਤੀ ਹੈ। ਅਮਰੀਕੀ ਦੂਤਘਰ ਨੇ ਇਸ ਨੂੰ ਪ੍ਰੈਸ ਦੀ ਆਜ਼ਾਦੀ ਕੁਚਲਣ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਮ੍ਰਿਤਕਾਂ 'ਚ ਇੱਕ ਪੱਤਰਕਾਰਾਂ ਅਹਿਮਦ ਅਬਦੇਲ ਸਮਦ (49) ਅਤੇ ਦੂਜੇ ਕੈਮਰਾਮੈਨ ਸਫ਼ਾ ਘਲੀ (37) ਸਮਜ ਨਿੰਜੀ ਨਿਊਜ਼ ਚੈਨਲ ਦਿਜਲਾ ਟੀ ਵੀ ਲਈ ਕੰਮ ਕਰਦੇ ਸਨ। ਪ੍ਰਤੱਖ ਦਰਸ਼ੀਆਂ ਅਨੁਸਾਰ ਕਵਰੇਜ ਦੌਰਾਨ ਗੱਡੀ 'ਚ ਆਏ ਕੁਝ ਹਥਿਆਰਬੰਦ ਲੋਕਾਂ ਨੇ ਦੋਵਾਂ ਨੂੰ ਗੋਲੀ ਮਾਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਗੋਲੀ ਲੱਗਣ ਤੋਂ ਕੁਝ ਘੰਟੇ ਪਹਿਲਾਂ ਸਮਦ ਨੇ ਇੱਕ ਵੀਡੀਓ ਪੋਸਟ ਕੀਤੀ ਸੀ ਜਿਸ ਵਿੱਚ ਇਰਾਕੀ ਸੁਰੱਖਿਆ ਮੁਲਾਜ਼ਮ ਅਮਰੀਕੀ ਦੂਤਘਰ ਅੱਗੇ ਪ੍ਰਦਰਸ਼ਨ ਕਰਦੇ ਲੋਕਾਂ ਉਤੇ ਕੋਈ ਕਾਰਵਾਈ ਕਰਦਿਆਂ ਨਾ ਦਿਸੇ, ਪਰ ਬਸਰਾ 'ਚ ਸਰਕਾਰ ਵਿਰੋਧੀ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕਰ ਰਹੇ ਸਨ।

# ਕੁਈਨ ਨੇ ਪ੍ਰਿੰਸ ਹੈਰੀ ਅਤੇ ਮੇਗਨ ਮਾਰਕਲ ਨੂੰ ਨਵੀਂ ਜ਼ਿੰਦਗੀ ਸ਼ੁਰੂ ਕਰਨ ਦੀ ਸਹਿਮਤੀ ਦਿੱਤੀ



ਲੰਡਨ, 14 ਜਨਵਰੀ (ਪੋਸਟ ਬਿਊਰੋ)- ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈਥ ਨੇ ਕੱਲ੍ਹ ਸ਼ਾਹੀ ਪਰਵਾਰ ਦੇ ਮੈਂਬਰਾਂ ਨਾਲ ਮੁਲਾਕਾਤ ਕਰਕੇ ਰਾਜਕੁਮਾਰ ਹੈਰੀ ਤੇ ਉਸ ਦੀ ਪਤਨੀ ਮੇਗਨ ਮਾਰਕਲ ਨੂੰ ਨਵੀਂ ਤੇ ਆਜ਼ਾਦ ਜ਼ਿੰਦਗੀ ਸ਼ੁਰੂ ਕਰਨ ਦੀ ਸਹਿਮਤੀ ਦੇ ਦਿੱਤੀ ਹੈ। ਮਹਾਰਾਣੀ ਵੱਲੋਂ ਜਾਰੀ ਬਿਆਨ ਮੁਤਾਬਕ ਉਹ ਪ੍ਰਿੰਸ ਹੈਰੀ ਅਤੇ ਮੇਗਨ ਨੂੰ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦੀ ਹਮਾਇਤ ਕਰਦੇ ਹਨ।

ਇਸ ਬਿਆਨ ਮੁਤਾਬਕ ਕੁਈਨ ਨੇ ਕਿਹਾ ਕਿ ਭਾਵੇਂ ਅਸੀਂ ਉਨ੍ਹਾਂ ਨੂੰ ਪੂਰਾ ਸਮਾਂ ਸ਼ਾਹੀ ਪਰਵਾਰ ਦੇ ਮੈਂਬਰ ਵਜੋਂ ਕੰਮ ਕਰਦੇ ਰਹਿਣ ਨੂੰ ਪਹਿਲ ਦਿੰਦੇ ਹਾਂ, ਅਸੀਂ ਉਨ੍ਹਾਂ ਦੇ ਫ਼ੈਸਲੇ ਦਾ ਸਨਮਾਨ ਕਰਦੇ ਹਾਂ ਤੇ ਸਮਝਦੇ ਹਾਂ ਕਿ ਉਹ ਆਜ਼ਾਦ ਜ਼ਿੰਦਗੀ ਜਿਊਣਾ ਚਾਹੁੰਦੇ ਹਨ, ਜਦ ਕਿ ਉਹ ਸ਼ਾਹੀ ਪਰਵਾਰ ਦਾ ਹਿੱਸਾ ਬਣੇ ਰਹਿਣਗੇ। ਹੈਰੀ ਅਤੇ ਮੇਗਨ ਇਹ ਸਪੱਸ਼ਟ ਕਰ ਚੁੱਕੇ ਹਨ ਕਿ ਨਵੀਂ ਜ਼ਿੰਦਗੀ ਲਈ ਉਹ ਜਨਤਕ ਫੰਡਾਂ ਵਿੱਚੋਂ ਕੋਈ ਮਾਲੀ ਮਦਦ ਨਹੀਂ ਚਾਹੁੰਦੇ ਅਤੇ ਯੂ ਕੇ ਅਤੇ ਉਤਰੀ ਅਮਰੀਕਾ 'ਚ ਵਿੱਚ ਸਮਾਂ ਬਿਤਾਉਣ ਲਈ ਸਮਝੌਤਾ ਹੋਇਆ ਹੈ। ਸ਼ਾਹੀ ਫ਼ਰਮਾਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਹ ਪਰਵਾਰ ਦਾ ਬਹੁਤ ਗੁੰਝਲਦਾਰ ਮਸਲਾ ਸੀ ਜੋ ਹੱਲ ਕਰ ਲਿਆ ਗਿਆ ਹੈ ਤੇ ਕੁਝ ਹੋਰ ਕੰਮ ਕਰਨਾ ਰਹਿੰਦਾ ਹੈ, ਆਖ਼ਰੀ ਫ਼ੈਸਲਾ ਅਗਲੇ ਕੁਝ ਦਿਨਾਂ ਵਿੱਚ ਲੈ ਲਿਆ ਜਾਵੇਗਾ। ਮਹਾਰਾਣੀ ਦੇ ਨਿੱਜੀ ਨਿਵਾਸ 'ਤੇ ਸ਼ਾਹੀ ਪਰਵਾਰ ਦੀ ਇਸ ਮੀਟਿੰਗ ਵਿੱਚ ਪ੍ਰਿੰਸ ਹੈਰੀ ਤੋਂ ਇਲਾਵਾ ਪ੍ਰਿੰਸ ਚਾਰਲਸ, ਪ੍ਰਿੰਸ ਵਿਲੀਅਮ ਹਾਜ਼ਰ ਸਨ।

# ਸੈਨਫਰਾਂਸਿਸਕੋ ਸੁਪੀਰੀਅਰ ਕੋਰਟ ਦੇ ਜੱਜ ਦੇ ਅਹੁਦੇ ਲਈ ਚੋਣ ਲੜ ਰਹੀ ਹੈ ਪੰਜਾਬਣ



ਸੈਨਫਰਾਂਸਿਸਕੋ, 14 ਜਨਵਰੀ (ਪੋਸਟ ਬਿਊਰੋ)- ਪੰਜਾਬੀਆਂ ਵਿੱਚ ਇਹ ਖ਼ਬਰ ਬੜੇ ਮਾਣ ਨਾਲ ਪੜ੍ਹੀ ਜਾਵੇਗੀ ਕਿ ਪੰਜਾਬੀ ਮੂਲ ਦੀ ਰਾਣੀ ਸਿੰਘ ਸੈਨਫਰਾਂਸਿਸਕੋ ਸੁਪੀਰੀਅਰ ਕੋਰਟ ਦੇ ਜੱਜ ਦੇ ਅਹੁਦੇ ਲਈ ਸੀਟ 21 ਤੋਂ ਚੋਣ ਲੜ ਰਹੀ ਹੈ। ਰਾਣੀ ਸਿੰਘ ਉਰਫ ਕੁਲਵਿੰਦਰ ਕੌਰ ਸੈਨ ਫਰਾਂਸਿਸਕੋ ਵਿੱਚ 1998 ਤੋਂ ਲਗਾਤਾਰ ਡਿਸਟਿਕਟ ਅਟਾਰਨੀ (ਅਪਰਾਧਿਕ ਮਾਮਲੇ) ਦੇ ਅਹੁਦੇ ਤੇ ਸੇਵਾ ਨਿਭਾ ਰਹੀ ਹੈ ਤੇ ਸਿਟੀ ਦੀ ਮੈਨੇਜਿੰਗ ਅਟਾਰਨੀ ਵੀ ਹੈ। ਰਾਣੀ ਸਿੰਘ ਦੇ ਪਿਤਾ ਸ. ਦਰਸ਼ਨ ਸਿੰਘ ਪੰਜਾਹ ਸਾਲ ਪਹਿਲਾਂ ਅਮਰੀਕਾ ਆਣ ਵਸੇ ਸਨ ਅਤੇ 1986 ਤੋਂ ਲਗਾਤਾਰ ਸੈਨ ਫਰਾਂਸਿਸਕੋ ਸਿਟੀ ਕਮਿਸ਼ਨਰ ਦੇ ਅਹੁਦੇ ਉੱਤੇ ਸੇਵਾ ਨਿਭਾ ਰਹੇ ਹਨ। ਮਾਰਚ 3 ਨੂੰ ਹੋਣ ਜਾ ਰਹੀ ਚੋਣ ਲਈ ਰਾਣੀ ਸਿੰਘ ਨੂੰ ਸਥਾਨਕ ਲੋਕਾਂ , ਸਭਾਵਾਂ ਅਤੇ ਕਈ ਅਦਾਰਿਆਂ ਵਲੋਂ ਭਰਪੂਰ ਸਮਰਥਨ ਮਿਲ ਰਿਹਾ ਹੈ ਅਤੇ ਇਹਨਾਂ ਲੋਕਾਂ ਵਲੋਂ ਰਾਣੀ ਸਿੰਘ ਦੇ ਸਮਰਥਨ ਵਿੱਚ ਕਈ ਫੰਡ ਰੇਜ਼ਰ ਵੀ ਕੀਤੇ ਜਾ ਰਹੇ ਹਨ, ਜਿਹਨਾਂ ਦੀ ਜਾਣਕਾਰੀ ਰਾਣੀ ਸਿੰਘ ਦੀ ਵੈਬਸਾਈਟ ਉੱਤੋਂ ਲਈ ਜਾ ਸਕਦੀ ਹੈ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਜਸਵੰਤ ਸਿੰਘ ਸ਼ਾਦ ਨੇ ਕਿਹਾ ਹੈ ਕਿ ਜੇਕਰ ਰਾਣੀ ਸਿੰਘ ਇਹ ਚੋਣ ਜਿੱਤ ਜਾਂਦੀ ਹੈ ਤਾਂ ਉਹ ਕੈਲੇਫੋਰਨੀਆਂ ਵਿੱਚ ਸੁਪੀਰੀਅਰ ਕੋਰਟ ਦੇ ਜੱਜ ਦੇ ਅਹੁਦੇ 'ਤੇ ਪਹੁੰਚਣ ਵਾਲੀ ਪਹਿਲੀ ਪੰਜਾਬਣ ਹੋਵੇਗੀ।

# ਭੁੱਲਣ ਦੀ ਬਿਮਾਰੀ ਵਿੱਚ ਅਮਰੂਦ ਦੇ ਪੱਤੇ, ਸੇਬ ਅਤੇ ਗ੍ਰੀਨ-ਟੀ ਨਾਲ ਲਾਭ ਹੋ ਸਕਦੈ



ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਦੁਨੀਆ ਦੇ ਵਿਗਿਆਨੀ ਅਜੇ ਤੱਕ ਅਲਜ਼ਾਈਮਰ (ਭੁੱਲਣ ਦੀ ਬਿਮਾਰੀ) ਦੀ ਵਜ੍ਹਾ ਦਾ ਪਤਾ ਨਹੀਂ ਲਾ ਸਕੇ ਹਨ, ਪਰ ਨਵੇਂ ਸਾਲ ਦੀ ਸ਼ੁਰੂਆਤ ਵਿੱਚ ਭਾਰਤੀ ਵਿਗਿਆਨੀਆਂ ਨੇ ਇਸ ਦਾ ਇਲਾਜ ਲੱਭਣ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ।

ਇਨ੍ਹਾਂ ਵਿਗਿਆਨੀਆਂ ਨੇ ਅਜੇ ਇਹ ਨਹੀ ਦੱਸਿਆ ਕਿ ਮਰੀਜ਼ਾਂ ਨੂੰ ਇਸ ਬਿਮਾਰੀ ਦੀ ਦਵਾ ਕਦੋਂ ਤੱਕ ਮਿਲੇਗੀ। ਭਾਰਤੀ ਵਿਗਿਆਨੀਆਂ ਨੇ ਪ੍ਰਯੋਗਸ਼ਾਲਾ ਵਿੱਚ ਬਨਾਉਟੀ ਤਰੀਕੇ ਨਾਲ ਮਨੁੱਖ ਦੇ ਬ੍ਰੇਨ ਸੈਲਜ਼ ਦਾ ਲੈਡ, ਜੋ ਵਾਤਾਵਰਣ ਵਿੱਚ ਵੱਡੀ ਮਾਤਰਾ ਵਿੱਚ ਮਿਲਦਾ ਹੈ, ਨਾਲ ਸੰਪਰਕ ਕਰਾਇਆ। ਇਸ ਨਾਲ ਬ੍ਰੇਨ ਦੀ ਸੈਲਜ਼ ਵਿੱਚ ਐਮਿਲਾਇਡ ਪ੍ਰੋਟੀਨ ਬਹੁਤ ਤੇਜ਼ੀ ਨਾਲ ਵਧਣ ਲੱਗਾ। ਇਸ ਦਾ ਅਰਥ ਹੈ ਕਿ ਇਸ ਨਾਲ ਬ੍ਰੇਨ ਦੇ ਦੋ ਸੈਲਜ਼ ਵਿੱਚ ਇੱਕ ਨਵਾਂ ਪੱਧਰ ਬਣ ਜਾਂਦਾ ਹੈ। ਇਸ ਨਾਲ ਬਰੇਨ ਦੇ ਦੋ ਸੈਲਜ਼ ਵਿੱਚ ਸੰਪਰਕ ਘੱਟ ਹੋ ਜਾਂਦਾ ਹੈ। ਇਸ ਨਾਲ ਡੇਟਾ ਦਾ ਅਦਾਨ-ਪ੍ਰਦਾਨ ਘੱਟ ਹੋ ਜਾਂਦਾ ਹੈ ਅਤੇ ਇਸੇ ਕਾਰਨ ਅਲਜ਼ਾਈਮਰ (ਭੁੱਲਣ ਦੀ ਬਿਮਾਰੀ) ਹੁੰਦੀ ਹੈ।

ਨੈਸ਼ਨਲ ਇੰਸਟੀਚਿਊਟ ਆਫ ਨਿਊਟ੍ਰੀਸ਼ੀਅਨ ਦੇ ਵਿਗਿਆਨੀਆਂ ਨੇ ਬਰੇਨ ਸੈਲਜ਼ ਵਿੱਚ ਐਮਿਲਾਇਡ ਪ੍ਰੋਟੀਨ ਦੇ ਨਾਲ ਅਮਰੂਦ ਦੇ ਪੱਤੇ, ਸੇਬ, ਚੈਰੀ, ਮਟਰ, ਗ੍ਰੀਨ ਟੀ ਨਾਲ ਐਬਸਟ੍ਰੈਕ (ਕੈਟੇਚਿਨਾ) ਪਾਏ। ਵਿਗਿਆਨੀਆਂ ਨੇ ਤਿੰਨ ਸਾਲ ਤੱਕ ਇਸ 'ਤੇ ਸਰਵੇ ਕੀਤਾ ਤਾਂ ਦੇਖਿਆ ਕਿ ਇਨ੍ਹਾਂ ਫਲਾਂ ਦੇ ਕੈਟੇਚਿਨਾ ਦੀ ਵਜ੍ਹਾ ਨਾਲ ਐਮਿਲਾਇਡ ਪ੍ਰੋਟੀਨ ਵਧਣ ਦੀ ਮਾਤਰਾ ਘੱਟ ਹੋਣ ਲੱਗੀ। ਇਸ ਦਾ ਲਾਭ ਇਹ ਹੋਇਆ ਕਿ ਭੁੱਲਣ ਦੀ ਬਿਮਾਰੀ ਘੱਟ ਹੋਈ ਅਤੇ ਬ੍ਰੇਨ ਸੈਲਜ਼ ਦਾ ਸੰਪਰਕ ਆਪਸ ਵਿੱਚ ਜ਼ਿਆਦਾ ਹੋਇਆ। ਵਿਗਿਆਨੀ ਪ੍ਰਯੋਗਸ਼ਾਲਾ ਦੀ ਇਸ ਸਫਲਤਾ ਦੇ ਬਾਅਦ ਇਸ ਤਕਨੀਕ ਨੂੰ ਪਸ਼ੂ ਅਤੇ ਇਸ ਦੇ ਬਾਅਦ ਮਨੁੱਖ 'ਤੇ ਇਸਤੇਮਾਲ ਕਰਨਗੇ।

# ਭੀਲਾਂ ਨੂੰ 'ਅਪਰਾਧੀ ਪ੍ਰਵਿਰਤੀ' ਵਾਲਾ ਦੱਸਣ 'ਤੇ ਵਿਵਾਦ

ਭੋਪਾਲ, 14 ਜਨਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਰਾਜ ਪ੍ਰਸ਼ਾਸਨਿਕ ਸੇਵਾ ਦੀ ਕੱਲ੍ਹ ਹੋਈ ਮੁੱਡਲੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਵਿੱਚ ਭੀਲ ਫਿਰਕੇ ਦੇ ਖ਼ਿਲਾਫ਼ ਇਤਰਾਜ਼ ਯੋਗ ਟਿਪਣੀਆਂ ਤੋਂ ਵਿਵਾਦ ਖੜਾ ਹੋ ਗਿਆ ਹੈ।

ਪ੍ਰਸ਼ਨ ਪੱਤਰ ਦੇ ਇੱਕ ਸਵਾਲ ਵਿੱਚ 'ਅਪਰਾਧੀ ਪ੍ਰਵਿਰਤੀ' ਵਾਲੇ ਲੋਕਾਂ ਦੇ ਰੂਪ ਵਿੱਚ ਭੀਲਾਂ ਦਾ ਵਿਵਾਦ ਵਾਲਾ ਜ਼ਿਕਰ ਕੀਤਾ ਗਿਆ ਹੈ। ਪ੍ਰਸ਼ਨ ਪੱਤਰ ਦੇ ਇਸ ਹਿੱਸੇ ਵਿੱਚ ਕਿਹਾ ਗਿਆ ਹੈ, ''ਭੀਲਾਂ ਦੀ ਅਪਰਾਧੀ ਪ੍ਰਵਿਰਤੀ ਦਾ ਇੱਕ ਪ੍ਰਮੁੱਖ ਕਾਰਨ ਇਹ ਵੀ ਹੈ ਕਿ ਆਮਦਨ ਨਾਲ ਆਪਣੀ ਦੇਣਦਾਰੀਆਂ ਪੂਰੀ ਨਹੀਂ ਕਰ ਸਕਦੇ। ਇਸ ਲਈ ਪੈਸੇ ਕਮਾਉਣ ਦੀ ਆਸ ਵਿੱਚ ਗੈਰ-ਵੈਧਾਨਿਕ ਅਤੇ ਅਨੈਤਿਕ ਕਾਰਜ ਵਿੱਚ ਸ਼ਾਮਲ ਹੋ ਜਾਂਦੇ ਹਨ।'' ਭੀਲਾਂ ਦੀ 'ਵਧੂ ਮੁੱਲ' (ਉਹ ਰਾਸ਼ੀ ਅਤੇ ਤੋਹਫੇ, ਜੋ ਵਿਆਹ ਵੇਲੇ ਲਾੜੇ ਵੱਲੋਂ ਵਹੁਟੀ ਦੇ ਪਰਵਾਰ ਨੂੰ ਦਿੱਤੇ ਜਾਂਦੇ ਹਨ) ਦਾ ਜ਼ਿਕਰ ਕਰਦੇ ਹੋਏ ਕਿਹਾ ਗਿਆ ਹੈ, ''ਭੀਲ, ਵਧੂ ਮੁੱਲ ਰੂਪੀ ਪੱਥਰ ਵਿੱਚ ਬੰਨ੍ਹੀ ਸ਼ਰਾਬ ਦੇ ਅਥਾਹ ਸਾਗਰ ਵਿੱਚ ਡੂਬਦੀ ਜਾ ਰਹੀ ਜਨ-ਜਾਤੀ ਹੈ।''

ਮੱਧ ਪ੍ਰਦੇਸ਼ ਦੇ ਖੰਡਵਾ ਜ਼ਿਲ੍ਹੇ ਤੋਂ ਭਾਜਪਾ ਵਿਧਾਇਕ ਰਾਮ ਦਾਂਗੋਰੇ (30), ਜੋ ਇੱਕ ਉਮੀਦਵਾਰ ਵਜੋਂ ਉਸੇ ਮੱਧ ਪ੍ਰਦੇਸ਼ ਪੀ ਐਸ ਸੀ ਪ੍ਰੀਖਿਆ ਵਿੱਚ ਸ਼ਾਮਲ ਹੋਏ ਸੀ, ਨੇ ਕਿਹਾ, ''ਅਸੀ ਕਾਂਗਰਸ ਦੇ ਰਾਜ ਵਿੱਚ ਭੀਲ ਜਨ-ਜਾਤੀ ਦਾ ਅਪਮਾਨ ਸਹਿਣ ਨਹੀਂ ਕਰਾਗੇ। ਭੀਲ ਵਰਗੇ ਸਾਡੇ ਬਹਾਦੁਰ ਵੱਡਿਆਂ ਨੇ ਅੰਗਰੇਜ਼ੀ ਦੇ ਖ਼ਿਲਾਫ਼ ਛੇੜੇ ਆਜ਼ਾਦੀ ਸੰਗਰਾਮ ਵਿੱਚ ਆਪਣੇ ਪ੍ਰਾਣਾਂ ਦੀ ਬਲੀ ਤੱਕ ਦਿੱਤੀ ਹੈ।'' ਕਾਂਗਰਸ ਵਿਧਾਇਕ ਲਕਸ਼ਮਣ ਸਿੰਘ ਨੇ ਟਵੀਟ ਕੀਤਾ, ''ਭੀਲ ਸਮਾਜ 'ਤੇ ਪ੍ਰਦੇਸ਼ ਸ਼ਾਸਨ ਦੇ ਪ੍ਰਕਾਸ਼ਨ ਦੀ ਮਾੜੀ ਟਿਪਣੀ ਤੋਂ ਮੈਂ ਦੁਖੀ ਹਾਂ।

# ਦਾਜ ਪਿੱਛੇ ਇੱਕ ਹੋਰ ਕੁੜੀ ਦੀ ਜਾਨ ਗਈ

ਗੁਰਾਇਆ, 14 ਜਨਵਰੀ (ਪੋਸਟ ਬਿਊਰੋ)- ਗੁਰਾਇਆ ਥਾਣਾ ਦੇ ਪਿੰਡ ਪੱਦੀ ਖਾਲਸਾ ਦੀ ਇੱਕ ਵਿਆਹੁਤਾ ਨੇ ਆਪਣੇ ਸਹੁਰੇ ਪਰਵਾਰ ਤੋਂ ਪਰੇਸ਼ਾਨ ਹੋ ਕੇ ਆਤਮ ਹੱਤਿਆ ਕਰ ਲਈ ਹੈ। ਪੁਲਸ ਨੇ ਮ੍ਰਿਤਕਾ ਦੇ ਪਤੀ ਸਮੇਤ ਕੁੱਲ ਪੰਜ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰ ਕੇ ਮ੍ਰਿਤਕਾ ਦੇ ਪਤੀ ਨੂੰ ਪੁਲਸ ਨੇ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮ੍ਰਿਤਕਾ ਦੇ ਭਰਾ ਪ੍ਰਦੀਪ ਕੁਮਾਰ ਵਾਸੀ ਲੁਧਿਆਣਾ ਨੇ ਦੱਸਿਆ ਕਿ ਉਸ ਦੀ ਭੈਣ ਪੂਜਾ ਰਾਣੀ ਦਾ ਵਿਆਹ ਕਰੀਬ ਅੱਠ ਸਾਲ ਪਹਿਲਾਂ ਪੱਦੀ ਖਾਲਸਾ ਦੇ ਹਰਜਿੰਦਰ ਸਿੰਘ ਨਾਲ ਹੋਇਆ ਸੀ ਅਤੇ ਉਨ੍ਹਾਂ ਨੇ ਆਪਣੀ ਸਮਰੱਥਾ ਅਨੁਸਾਰ ਦਾਜ ਵੀ ਦਿੱਤਾ ਸੀ, ਪਰ ਵਿਆਹ ਤੋਂ ਕਰੀਬ ਛੇ ਮਹੀਨਿਆਂ ਬਾਅਦ ਉਸ ਦੀ ਭੈਣ ਦੇ ਸਹੁਰੇ ਪਰਵਾਰ ਵੱਲੋਂ ਉਸ ਦੀ ਭੈਣ ਨੂੰ ਤੰਗ ਕੀਤਾ ਜਾਣ ਲੱਗਿਆ ਅਤੇ ਹੋਰ ਦਾਜ ਦੀ ਮੰਗ ਲਗਾਤਾਰ ਕੀਤੀ ਜਾਣ ਲੱਗੀ। ਉਨ੍ਹਾਂ ਦੱਸਿਆ ਕਿ ਇਸ ਬਾਰੇ ਕਈ ਵਾਰ ਗੱਲਬਾਤ ਰਾਹੀਂ ਮਸਲਾ ਵੀ ਹੱਲ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਬਾਵਜੂਦ ਇਸ ਦੇ ਉਸ ਦੀ ਭੈਣ ਨੂੰ ਲਗਾਤਾਰ ਪਰੇਸ਼ਾਨ ਕੀਤਾ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ 11 ਜਨਵਰੀ ਨੂੰ ਉਨ੍ਹਾਂ ਦੀ ਭੈਣ ਨੇ ਉਸ ਦੀ ਮਾਤਾ ਨੂੰ ਫੋਨ ਕਰ ਕੇ ਦੱਸਿਆ ਕਿ ਉਸ ਦਾ ਸਹੁਰਾ ਪਰਵਾਰ ਉਸ ਨੂੰ ਲਗਾਤਾਰ ਪ੍ਰੇਸ਼ਾਨ ਕਰਦਾ ਹੈ ਅਤੇ ਮਰਨ ਲਈ ਮਜਬੂਰ ਕਰ ਰਿਹਾ ਹੈ, ਜਿਸ 'ਤੇ ਉਸ ਨੇ ਕਿਹਾ ਕਿ ਉਹ ਉਸ ਨੂੰ ਸਵੇਰੇ ਲੈ ਜਾਣਗੇ। ਉਨ੍ਹਾਂ ਦੋਸ਼ ਲਾਇਆ ਕਿ ਉਸ ਦੇ ਜੀਜੇ ਹਰਜਿੰਦਰ ਸਿੰਘ ਦਾ ਸਵੇਰੇ ਕਰੀਬ ਨੌਂ ਵਜੇ ਉਨ੍ਹਾਂ ਨੂੰ ਫੋਨ ਆ ਗਿਆ ਕਿ ਉਸ ਦੀ ਭੈਣ ਨੇ ਕੋਈ ਜ਼ਹਿਰੀਲੀ ਚੀਜ਼ ਖਾ ਲਈ ਹੈ ਤੇ ਉਹ ਉਸ ਨੂੰ ਡੀ ਐੱਮ ਸੀ ਲੁਧਿਆਣਾ ਲੈ ਕੇ ਆ ਰਹੇ ਹਨ, ਜਿਸ 'ਤੇ ਉਹ ਲੁਧਿਆਣਾ ਪਹੁੰਚੇ, ਜਿੱਥੇ ਜਾ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਭੈਣ ਦੀ ਮੌਤ ਹੋ ਗਈ ਹੈ। ਉਨ੍ਹਾਂ ਆਪਣੀ ਭੈਣ ਦੀ ਮੌਤ ਲਈ ਉਸ ਦੇ ਪਤੀ ਹਰਜਿੰਦਰ ਸਿੰਘ, ਦਿਓਰ ਕਮਲਜੀਤ ਸਿੰਘ, ਜੇਠ ਦੀਪਾ, ਸੱਸ ਗੁਰੋ ਅਤੇ ਸਹੁਰਾ ਅਮਰੀਕ ਸਿੰਘ ਜ਼ਿੰਮੇਵਾਰ ਹਨ। ਪੁਲਸ ਨੇ ਮ੍ਰਿਤਕਾ ਦੇ ਭਰਾ ਦੇ ਬਿਆਨਾਂ ਦੇ ਆਧਾਰ 'ਤੇ ਉਕਤ ਸਾਰੇ ਮੁਲਜ਼ਮਾਂ ਦੇ ਖਿਲਾਫ ਥਾਣਾ ਗੁਰਾਇਆ 'ਚ ਕੇਸ ਦਰਜ ਕਰ ਲਿਆ ਹੈ।

# ਸੀ ਏ ਏ ਅਤੇ ਐੱਨ ਆਰ ਸੀ ਉੱਤੇ ਮੋਦੀ, ਸ਼ਾਹ ਕਰ ਰਹੇ ਗੁੰਮਰਾਹ: ਸੋਨੀਆ

ਨਵੀਂ ਦਿੱਲੀ, 14 ਜਨਵਰੀ (ਪੋਸਟ ਬਿਊਰੋ)- ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਦੋਸ਼ ਲਾਇਆ ਹੈ ਕਿ ਨਾਗਰਿਕਤਾ (ਸੋਧ) ਕਾਨੂੰਨ (ਸੀ ਏ ਏ) ਅਤੇ ਰਾਸ਼ਟਰੀ ਨਾਗਰਿਕਤਾ ਰਜਿਸਟਰ (ਐੱਨ ਆਰ ਸੀ) 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦੇਸ਼ ਨੂੰ ਗੁੰਮਰਾਹ ਕੀਤਾ ਹੈ।



ਕੱਲ੍ਹ ਇਥੇ ਪਾਰਲੀਮੈਂਟ ਭਵਨ ਕੰਪਲੈਕਸ ਵਿੱਚ ਕਈ ਵਿਰੋਧੀ ਪਾਰਟੀਆਂ ਦੀ ਬੈਠਕ ਦੌਰਾਨ ਸੋਨੀਆ ਗਾਂਧੀ ਨੇ ਕਿਹਾ ਕਿ ਸਰਕਾਰ ਨੇ ਇੱਕ ਦਮਨ ਚੱਕਰ ਚਲਾਇਆ ਹੋਇਆ ਹੈ। ਉਸ ਵੱਲੋਂ ਨਫਰਤ ਫੈਲਾਈ ਜਾ ਰਹੀ ਹੈ ਤੇ ਸਮਾਜ ਨੂੰ ਧਰਮ ਦੇ ਆਧਾਰ 'ਤੇ ਵੰਡਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਬਿਆਨ ਉਲਟ ਪੁਲਟ ਹਨ। ਦੋਵੇਂ ਲਗਾਤਾਰ ਭੜਕਾਊ ਬਿਆਨ ਦੇ ਰਹੇ ਹਨ। ਹਿੰਸਾ ਅਤੇ ਅਤਿਆਚਾਰ ਪ੍ਰਤੀ ਉਹ ਗੈਰ ਗੰਭੀਰ ਬਣੇ ਹੋਏ ਹਨ। ਸੋਨੀਆ ਨੇ ਵੱਖ-ਵੱਖ ਯੂਨੀਵਰਸਿਟੀ ਵਿੱਚ ਹਿੰਸਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੀ ਸਰਕਾਰ ਦੀ ਅਸਮਰੱਥਾ ਸਾਬਿਤ ਹੋ ਗਈ ਹੈ। ਦੋਵੇਂ ਪ੍ਰਮੁੱਖ ਆਗੂ ਰਾਜ ਕਰਨ ਦੇ ਯੋਗ ਨਹੀਂ ਹਨ। ਮੌਜੂਦਾ ਸਰਕਾਰ ਲੋਕਾਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਵਿੱਚ ਨਾਕਾਮ ਰਹੀ ਹੈ। ਦੇਸ਼ ਵਿੱਚ ਹਰ ਪਾਸੇ ਅਸ਼ਾਂਤੀ ਦਾ ਮਾਹੌਲ ਹੈ। ਸੰਵਿਧਾਨ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਦੇਸ਼ ਦੇ ਵੱਖ-ਵੱਖ ਹਿੱਸਿਆਂ ਖਾਸ ਕਰ ਕੇ ਉਤਰ ਪ੍ਰਦੇਸ਼ ਵਿੱਚ ਸਮਾਜ ਦੇ ਵੱਡੇ ਤਬਕੇ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਉਨ੍ਹਾਂ 'ਤੇ ਹਮਲੇ ਹੋ ਰਹੇ ਹਨ।

ਕਾਂਗਰਸ ਪ੍ਰਧਾਨ ਨੇ ਦਾਅਵਾ ਕੀਤਾ ਕਿ ਆਸਾਮ ਵਿੱਚ ਐੱਨ ਆਰ ਸੀ ਪੁੱਠੀ ਪੈ ਗਈ ਹੈ। ਮੋਦੀ ਸ਼ਾਹ ਦੀ ਸਰਕਾਰ ਹੁਣ ਐੱਨ ਪੀ ਆਰ ਲਿਆਉਣ ਲਈ ਸਰਗਰਮ ਹੋ ਗਈ ਹੈ। ਇਹ ਸਪੱਸ਼ਟ ਹੈ ਕਿ ਐਨ ਪੀ ਆਰ ਨੂੰ ਪੂਰੇ ਦੇਸ਼ ਵਿੱਚ ਐੱਨ ਆਰ ਸੀ ਨੂੰ ਲਾਗੂ ਕਰਨ ਲਈ ਲਿਆਂਦਾ ਜਾ ਰਿਹਾ ਹੈ। ਵਿਰੋਧੀ ਪਾਰਟੀਆਂ ਦੀ ਉਕਤ ਬੈਠਕ ਵਿੱਚ ਸੀ ਏ ਏ ਵਿਰੁੱਧ ਹੋਏ ਵਿਖਾਵਿਆਂ ਅਤੇ ਕਈ ਯੂਨੀਵਰਸਿਟੀਆਂ ਵਿੱਚ ਹਿੰਸਾ ਪਿੱਛੋਂ ਪੈਦਾ ਹੋਏ ਹਾਲਾਤ ਦੇ ਨਾਲ ਹੋਰਨਾਂ ਮੁੱਦਿਆਂ 'ਤੇ ਵੀ ਚਰਚਾ ਕੀਤੀ ਗਈ। ਬੈਠਕ ਵਿੱਚ 20 ਪਾਰਟੀਆਂ ਦੇ ਆਗੂ ਸ਼ਾਮਲ ਹੋਏ।

ਵਿਰੋਧੀ ਪਾਰਟੀਆਂ ਦੀ ਬੈਠਕ ਤੋਂ ਸ਼ਿਵ ਸੈਨਾ ਸਮੇਤ ਚਾਰ ਪਾਰਟੀਆਂ ਗੈਰ ਹਾਜ਼ਰ ਰਹੀਆਂ। ਸ਼ਿਵ ਸੈਨਾ, ਬਸਪਾ, ਆਮ ਆਦਮ ਪਾਰਟੀ ਅਤੇ ਤ੍ਰਿਣਮੂਲ ਕਾਂਗਰਸ ਦੇ ਨੁਮਾਇੰਦੇ ਨਹੀਂ ਆਏ। ਉਕਤ ਚਾਰਾਂ ਪਾਰਟੀਆਂ ਦੇ ਆਪਣੇ-ਆਪਣੇ ਸਿਆਸੀ ਕਾਰਨ ਹਨ, ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਦੇ ਨੁਮਾਇੰਦੇ ਕਾਂਗਰਸ ਦੀ ਅਗਵਾਈ ਵਾਲੀ ਵਿਰੋਧੀ ਪਾਰਟੀਆਂ ਦੀ ਬੈਠਕ ਵਿੱਚ ਨਹੀਂ ਗਏ। ਬਸਪਾ ਮੁਖੀ ਮਾਇਆਵਤੀ ਦੇ ਬੈਠਕ ਵਿੱਚ ਨਾ ਜਾਣ ਦਾ ਕਾਰਨ ਰਾਜਸਥਾਨ ਵਿੱਚ ਬਸਪਾ ਦੇ ਵਿਧਾਇਕਾਂ ਨੂੰ ਕਾਂਗਰਸ ਵਿੱਚ ਸ਼ਾਮਲ ਕਰਨਾ ਦੱਸਿਆ ਗਿਆ ਹੈ। ਦਿੱਲੀ ਅਸੈਂਬਲੀ ਚੋਣਾਂ ਦੇ ਨੇੜੇ ਹੋਣ ਕਾਰਨ ਅਰਵਿੰਦ ਕੇਜਰੀਵਾਲ ਕਾਂਗਰਸ ਨਾਲ ਸੀ ਏ ਏ ਅਤੇ ਐੱਨ ਆਰ ਸੀ ਦੇ ਮੁੱਦੇ 'ਤੇ ਖੜ੍ਹੇ ਹੋ ਕੇ ਕਿਸੇ ਤਰ੍ਹਾਂ ਦਾ ਕੋਈ ਸਿਆਸੀ ਸੰਦੇਸ਼ ਨਹੀਂ ਦੇਣਾ ਚਾਹੁੰਦੇ ਸਨ।

# ਭਾਰਤ ਦੁਨੀਆ ਦੇ 20 ਸਭ ਤੋਂ ਭੁੱਖੇ ਦੇਸ਼ਾਂ 'ਚ ਹੋਇਆ ਸ਼ਾਮਲ

## * 37 ਪ੍ਰਤੀਸ਼ਤ ਬੱਚੇ ਕੁਪੋਸ਼ਣ ਦਾ ਸ਼ਿਕਾਰ

ਪਠਾਨਕੋਟ, 14 ਜਨਵਰੀ (ਪੋਸਟ ਬਿਊਰੋ)- 'ਗਲੋਬਲ ਹੰਗਰ ਇੰਡੈਕਸ' ਦੇ ਅਨੁਸਾਰ ਦੁਨੀਆ ਦੇ 117 ਦੇਸ਼ਾਂ ਵਿੱਚ ਭਾਰਤ 107ਵੇਂ ਨੰਬਰ 'ਤੇ ਹੈ। ਦੇਸ਼ 'ਚ ਅਨਾਜ ਦੀ ਕੋਈ ਘਾਟ ਨਹੀਂ, ਇਸ ਦੇ ਬਾਵਜੂਦ ਦੇਸ਼ ਦੇ ਕਰੋੜਾਂ ਲੋਕ ਭੁੱਖੇ ਸੌਂਦੇ ਹਨ। ਭਾਰਤ 'ਚ ਪੰਜ ਸਾਲਾਂ ਤੋਂ ਘੱਟ ਉਮਰ ਵਾਲੇ ਬੱਚਿਆਂ 'ਚੋਂ 37.05 ਪ੍ਰਤੀਸ਼ਤ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਜਿਨ੍ਹਾਂ 'ਚੋਂ 10 ਲੱਖ ਬੱਚੇ ਪੰਜ ਸਾਲਾਂ ਦੀ ਉਮਰ ਤੱਕ ਪੁੱਜਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

ਦੁਨੀਆ ਦੇ ਸਭ ਤੋਂ ਭੁੱਖੇ 20 ਦੇਸ਼ਾਂ 'ਚ ਭਾਰਤ ਸ਼ਾਮਲ ਹੈ। ਦੂਜੇ ਪਾਸੇ ਖਾਣੇ ਦੀ ਬਰਬਾਦੀ ਵੱਲ ਧਿਆਨ ਦਿੱਤਾ ਜਾਵੇ ਤਾਂ ਉਸ ਵਿੱਚ ਭਾਰਤੀ ਮੋਹਰਲੀ ਲਾਈਨ ਵਿੱਚ ਦਿਖਾਈ ਦਿੰਦੇ ਹਨ। ਜਿਨ੍ਹਾਂ 45 ਦੇਸ਼ਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ, ਉਨ੍ਹਾਂ ਵਿੱਚ ਵੀ ਭਾਰਤ ਸ਼ਾਮਲ ਹੋ ਚੁੱਕਾ ਹੈ। ਹਾਲਤ ਇਹ ਬਣ ਚੁੱਕੇ ਹਨ ਕਿ ਜ਼ਿਆਦਾ ਖਾਣਾ ਹੋਣ ਦੇ ਬਾਵਜੂਦ ਭਾਰਤ ਦਾ ਹਰ ਚੌਥਾ ਆਦਮੀ ਭੁੱਖਾ ਸੌਂਦਾ ਹੈ। ਗਲੋਬਲ ਹੰਗਰ ਦੀ ਸੂਚੀ 'ਚ ਦਰਜ ਹੈ ਕਿ ਭਾਰਤ ਇਸ ਸਮੇਂ ਭੁੱਖ ਦੀ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ। ਸੈਂਟਰ ਆਫ਼ ਟਰੇਡ ਯੂਨੀਅਨ ਪੰਜਾਬ ਦੇ ਜਾਇੰਟ ਸੈਕਟਰੀ ਪ੍ਰੇਮ ਸਾਗਰ ਸ਼ਰਮਾ ਨੇ ਇਸ 'ਤੇ ਚਿੰਤਾ ਪ੍ਰਗਟ ਕਰਦਿਆਂ ਦੱਸਿਆ ਕਿ ਯੂਨਾਈਟਿਡ ਨੈਸ਼ਨਜ਼ ਡਿਵੈਲਪਮੈਂਟ ਪ੍ਰੋਗਰਾਮ ਹੇਠ ਭਾਰਤ 'ਚ ਪੈਦਾ ਹੁੰਦੇ ਅਨਾਜ ਦਾ 40 ਪ੍ਰਤੀਸ਼ਤ ਹਿੱਸਾ ਬੇਕਾਰ ਚਲਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਹਰ ਸਾਲ 6700 ਕਰੋੜ ਕਿੱਲੋ ਖਾਣਾ ਐਵੇਂ ਹੀ ਬਰਬਾਦ ਹੋ ਜਾਂਦਾ ਹੈ, ਜਿਸ ਦੀ ਕੀਮਤ 90 ਹਜ਼ਾਰ ਕਰੋੜ ਬਣਦੀ ਹੈ। ਇਸ ਨਾਲ ਗਰੀਬੀ ਰੇਖਾ ਤੋਂ ਹੇਠਲੇ 26 ਕਰੋੜ ਲੋਕਾਂ ਦਾ ਛੇ ਮਹੀਨੇ ਲਈ ਪੇਟ ਭਰਿਆ ਜਾ ਸਕਦਾ ਹੈ। ਭਾਰਤ 'ਚ ਹਰ ਸਾਲ 2100 ਕਰੋੜ ਕਿੱਲੋ ਕਣਕ ਖ਼ਰਾਬ ਹੋ ਜਾਂਦੀ ਹੈ, ਫਿਰ ਦੇਸ਼ ਕਿਉਂ ਸੌਂਦੇ ਹਨ। ਇੱਕ ਹੋਰ ਰਿਪੋਰਟ ਮੁਤਾਬਕ ਭਾਰਤ 'ਚ ਹਰ ਸਾਲ 23 ਮਿਲੀਅਨ ਟਨ ਦਾਲਾਂ, 12 ਮਿਲੀਅਨ ਟਨ ਫਲ, 21 ਮਿਲੀਅਨ ਟਨ ਸਬਜ਼ੀਆਂ ਸਹੀ ਵੰਡ ਪ੍ਰਣਾਲੀ ਨਾ ਹੋਣ ਕਾਰਨ ਖ਼ਰਾਬ ਹੋ ਜਾਂਦੀਆਂ ਹਨ। ਜਿੰਨਾ ਖਾਣਾ ਇੰਗਲੈਂਡ 'ਚ ਖਾਧਾ ਜਾਂਦਾ ਹੈ, ਓਨਾ ਭਾਰਤ 'ਚ ਬਿਨਾਂ ਵਜ੍ਹਾ ਖ਼ਰਾਬ ਹੋ ਜਾਂਦਾ ਹੈ। ਜਿੰਨੀ ਕਣਕ ਆਸਟ੍ਰੇਲੀਆ ਵਿੱਚ ਪੈਦਾ ਹੁੰਦੀ ਹੈ, ਓਨੀ ਭਾਰਤ ਦੇ ਗੁਦਾਮਾਂ ਵਿੱਚ ਸੜ ਜਾਂਦੀ ਹੈ।

# ਵੋਟ ਮਸ਼ੀਨਾਂ ਨੂੰ ਲਾਂਭੇ ਕਰਵਾਉਣ ਲਈ ਪੈਦਲ ਯਾਤਰਾ ਸ਼ੁਰੂ ਕੀਤੀ

ਰੁਦਰਪੁਰ, 14 ਜਨਵਰੀ (ਪੋਸਟ ਬਿਊਰੋ)- ਇਲੈਕਟ੍ਰਾਨਿਕ ਵੋਟਿੰਗ ਮਸ਼ੀਨ (ਈ ਵੀ ਐੱਮ) ਸ਼ੁਰੂ ਤੋਂ ਵਿਵਾਦ ਵਿੱਚ ਰਹੀ ਹੈ। ਚੋਣ ਹਾਰਨ ਵਾਲੀਆਂ ਪਾਰਟੀਆਂ ਇਸ ਦੀ ਵਰਤੋਂ ਉੱਤੇ ਕਿੰਤੂ ਕਰਦੀਆਂ ਰਹੀਆਂ ਹਨ। ਇਸ ਵਾਰ ਉਤਰਾਖੰਡ ਦੇ ਇਕ ਸ਼ਖਸ ਵਲੋਂ ਈ ਵੀ ਐੱਮ ਦੇ ਖਿਲਾਫ਼ ਅਨੋਖੀ ਮੁਹਿੰਮ ਚਰਚਾ ਵਿੱਚ ਹੈ।

ਇਸ 41 ਸਾਲਾ ਵਿਅਕਤੀ ਨੇ ਈ ਵੀ ਐੱਮ ਉੱਤੇ ਪਾਬੰਦੀ ਦੀ ਮੰਗ ਵਾਸਤੇ ਦੇਸ਼ ਵਿਆਪੀ ਪੈਦਲ ਯਾਤਰਾ ਸ਼ੁਰੂ ਕੀਤੀ ਹੋਈ ਹੈ। ਉਤਰਾਖੰਡ ਦੇ ਰੁਦਰਪੁਰ ਦੇ ਵਾਸੀ ਉਂਕਾਰ ਸਿੰਘ ਢਿੱਲੋਂ ਅਪਣੀ ਪੈਦਲ ਯਾਤਰਾ ਦੌਰਾਨ ਐਤਵਾਰ ਸ਼ਾਮ ਨੂੰ ਬ੍ਰਹਮਾਪੁਰ ਪਹੁੰਚੇ। ਪੇਸ਼ੇ ਤੋਂ ਰੀਅਲ ਅਸਟੇਟ ਕਾਰੋਬਾਰੀ ਉਂਕਾਰ ਸਿੰਘ ਢਿੱਲੋਂ ਕਰੀਬ 4500 ਕਿਲੋਮੀਟਰ ਦੀ ਯਾਤਰਾ ਤੈਅ ਕਰ ਕੇ ਇਥੇ ਪਹੁੰਚੇ ਸਨ। ਏਥੇ ਗੱਲਬਾਤ ਕਰਦਿਆਂ ਢਿੱਲੋਂ ਨੇ ਕਿਹਾ ਕਿ ਉਹ ਈ ਵੀ ਐੱਮ ਉੱਤੇ ਪਾਬੰਦੀ ਲਾਉਣ ਦੇ ਹੱਕ ਵਿਚ ਹਨ। ਉਨ੍ਹਾਂ ਕਿਹਾ ਕਿ ਸੱਤਾਧਾਰੀ ਧਿਰ ਵਲੋਂ ਏ ਵੀ ਐੱਮ ਨਾਲ ਛੇੜਛਾੜ ਦਾ ਖ਼ਤਰਾ ਹਮੇਸ਼ਾ ਰਹਿੰਦਾ ਹੈ, ਜੋ ਦੇਸ਼ ਤੇ ਲੋਕਤੰਤਰ ਲਈ ਠੀਕ ਨਹੀਂ ਹੈ। ਢਿੱਲੋਂ ਦੇ ਮੁਤਾਬਕ ਕਈ ਦੇਸ਼ਾਂ ਵਿਚ ਇਸ ਦੀ ਵਰਤੋਂ ਉੱਤੇ ਪਾਬੰਦੀ ਹੈ।



ਇੱਥੋਂ ਤਕ ਕਿ ਕਈ ਵਿਕਸਤ ਦੇਸ਼ ਵੀ ਇਸ ਦੀ ਵਰਤੋਂ ਨਹੀਂ ਕਰਦੇ। ਉਨ੍ਹਾਂ ਦੱਸਿਆ ਕਿ ਉਸ ਨੇ ਪਿਛਲੇ ਸਾਲ 18 ਅਗਸਤ ਨੂੰ ਉਤਰਾਖੰਡ ਦੇ ਰੁਦਰਪੁਰ ਤੋਂ ਅਪਣੀ ਪੈਦਲ ਯਾਤਰਾ ਸ਼ੁਰੂ ਕੀਤੀ ਸੀ। ਉਨ੍ਹਾਂ ਦਾ ਟੀਚਾ ਕਰੀਬ 6500 ਕਿਲੋਮੀਟਰ ਦੀ ਯਾਤਰਾ ਤੋਂ ਬਾਅਦ ਰਾਜਘਾਟ ਨਵੀਂ ਦਿੱਲੀ ਵਿਖੇ ਅਪਣੀ ਪੈਦਲ ਯਾਤਰਾ ਨੂੰ ਖ਼ਤਮ ਕਰਨ ਦਾ ਹੈ।

ਵਰਣਨ ਯੋਗ ਹੈ ਕਿ ਇਲੈਕ੍ਰਾਨਿਕ ਮਸ਼ੀਨਾਂ ਦੀ ਵਰਤੋਂ ਬਾਰੇ ਦੇਸ਼ ਦੀਆਂ ਸਿਆਸੀ ਪਾਰਟੀਆਂ ਵਲੋਂ ਰੌਲਾ ਪਾਇਆ ਜਾਂਦਾ ਰਿਹਾ ਹੈ। ਕਾਂਗਰਸ ਪਾਰਟੀ ਨੇ ਇਸ ਵਿਰੁਧ ਵਿਸ਼ੇਸ਼ ਮੁਹਿੰਮ ਵਿੱਢੀ ਸੀ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਇਸ ਦੇ ਖਿਲਾਫ਼ ਰੋਹ ਪ੍ਰਚੰਡ ਰੁਖ ਧਾਰਨ ਕਰ ਗਿਆ ਸੀ। ਸਿਆਸੀ ਧਿਰਾਂ ਦਾ ਇਹ ਰੌਲਾ ਸਿਰਫ਼ ਹਾਰਨ ਦੀ ਸੂਰਤ ਵਿਚ ਹੁੰਦਾ ਹੈ, ਜਦ ਕਿ ਜਿੱਤਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਈ ਵੀ ਐੱਮ ਵਿੱਚ ਕੋਈ ਕਮੀ ਨਜ਼ਰ ਨਹੀਂ ਆਉਂਦੀ।

# ਰਾਖੀ ਸਾਵੰਤ ਨੂੰ ਰਾਹਤ, ਕਪਲੇਂਟ ਵਾਪਸ ਹੋਣ ਉੱਤੇ ਪਟੀਸ਼ਨ ਦਾ ਨਿਪਟਾਰਾ

ਚੰਡੀਗੜ੍ਹ, 14 ਜਨਵਰੀ (ਪੋਸਟ ਬਿਊਰੋ)- ਭਗਵਾਨ ਵਾਲਮੀਕ ਬਾਰੇ ਇਤਰਾਜ਼ ਯੋਗ ਬਿਆਨ ਦੇਣ ਦੇ ਕੇਸ ਵਿੱਚ ਰਾਖੀ ਸਾਵੰਤ ਨੂੰ ਰਾਹਤ ਮਿਲ ਗਈ ਹੈ। ਇਸ ਸੰਬੰਧ ਵਿੱਚ ਕੰਪਲੇਂਟ ਵਾਪਸ ਲਏ ਜਾਣ ਦੇ ਬਾਅਦ ਹਾਈ ਕੋਰਟ ਨੇ ਮਾਮਲੇ ਦਾ ਨਿਪਟਾਰਾ ਕਰ ਦਿੱਤਾ। ਟਿੱਪਣੀ ਕਾਰਨ ਰਾਖੀ ਦੇ ਖਿਲਾਫ ਲੁਧਿਆਣਾ ਕੋਰਟ ਵਿੱਚ ਸ਼ਿਕਾਇਤ ਹੋਈ ਸੀ। ਇਸ ਦੇ ਬਾਅਦ ਅਦਾਲਤ ਵਿੱਚ ਪੇਸ਼ ਨਹੀਂ ਹੋਣ 'ਤੇ ਲੁਧਿਆਣਾ ਦੀ ਅਦਾਲਤ ਨੇ ਰਾਖੀ ਦੇ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ



ਕੀਤਾ ਸੀ। ਰਾਖੀ ਨੂੰ ਗ੍ਰਿਫਤਾਰ ਕਰਨ ਪੰਜਾਬ ਪੁਲਸ ਮੁੰਬਈ ਵੀ ਗਈ ਸੀ, ਪਰ ਉਹ ਨਹੀਂ ਮਿਲੀ ਸੀ। ਫਿਰ ਲੁਧਿਆਣਾ ਅਦਾਲਤ ਵਿੱਚ ਪੇਸ਼ ਹੋਈ ਸੀ ਤੇ ਬਾਅਦ ਵਿੱਚ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਹੈ।

ਰਾਖੀ ਸਾਵੰਤ ਨੇ ਇਸ ਅਰਜ਼ੀ ਵਿੱਚ ਕਿਹਾ ਸੀ ਕਿ ਉਨ੍ਹਾਂ ਦਾ ਮਕਸਦ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪੁਚਾਉਣਾ ਨਹੀਂ ਸੀ। ਇਸ ਸੰਬੰਧ ਵਿੱਚ ਉਨ੍ਹਾਂ ਨੇ ਜਨਤਕ ਤੌਰ 'ਤੇ ਮੁਆਫੀ ਵੀ ਮੰਗੀ ਹੈ। ਇਸ ਲਈ ਇਹ ਸ਼ਿਕਾਇਤ ਰੱਦ ਕੀਤੀ ਜਾਏ। ਇਸ ਤੋਂ ਪਹਿਲਾਂ ਵੀ ਰਾਖੀ ਨੇ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਮਾਮਲਾ ਰੱਦ ਕਰਨ ਦੀ ਮੰਗ ਕੀਤੀ ਸੀ। ਕੋਰਟ ਤੋਂ ਕੰਪਲੇਂਟ ਵਾਪਸ ਹੋਣ ਪਿੱਛੋਂ ਹਾਈ ਕੋਰਟ ਨੇ ਇਸ ਮਾਮਲੇ ਨੂੰ ਗੈਰ ਜ਼ਰੂਰੀ ਦੱਸਦੇ ਹੋਏ ਨਿਪਟਾਰਾ ਕਰ ਦਿੱਤਾ।




Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ

ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉੱਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW

AVTAR UPPAL
Manager

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters

AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਮਿੰਨੀ ਕਹਾਣੀਆਂ

## ਲੰਮੀ ਉਡਾਰੀ

-ਪਿਆਰਾ ਸਿੰਘ

ਗੱਲ ਦਹਾਕਾ ਕੁ ਪੁਰਾਣੀ ਹੈ। ਗਰਮੀਆਂ ਦੇ ਦਿਨਾਂ ਵਿੱਚ ਸਕੂਲੇ ਬੱਚਿਆਂ ਨੂੰ ਪੜ੍ਹਾਉਂਦੇ ਸਮੇਂ ਜਦੋਂ ਕਦੇ ਬਿਜਲੀ ਚਲੀ ਜਾਂਦੀ ਤਾਂ ਮੈਂ ਬਾਹਰ ਹਵਾਦਾਰ ਵਰਾਂਡੇ ਵਿੱਚ ਜਮਾਤ ਲਾ ਲੈਣੀ। ਉਸ ਸਮੇਂ ਗਾਰਡਰ ਬਾਲਿਆਂ ਦੀ ਬਣੀ ਛੱਤ ਦੇ ਮੋਘਿਆਂ ਵਿੱਚ ਚਿੜੀਆਂ ਨੇ ਆਲ੍ਹਣੇ ਪਾਏ ਹੁੰਦੇ ਸਨ। ਸਾਰਾ ਦਿਨ ਚਿੜੀਆਂ ਦੀ ਚੀਂ-ਚੀਂ ਦਾ ਚੀਕ ਚਿਹਾੜਾ ਪਿਆ ਰਹਿਣਾ। ਰੌਣਕ ਤਾਂ ਖ਼ੂਬ ਲੱਗੀ ਰਹਿੰਦੀ ਸੀ, ਪਰ ਵਰਾਂਡੇ ਵਿੱਚ ਤੀਲੇ ਕੱਖ ਖਿਲਰਣ ਤੇ ਸ਼ੋਰ ਸ਼ਰਾਬੇ ਤੋਂ ਖਫਾ ਹੁੰਦਿਆਂ ਇੱਕ ਦਿਨ ਮੈਂ ਆਲ੍ਹਣੇ ਲਾਹ ਮੋਘੇ ਹਮੇਸ਼ਾ ਲਈ ਬੰਦ ਕਰਵਾ ਦਿੱਤੇ। ਕਈ ਦਿਨਾਂ ਤੱਕ ਤਾਂ ਚਿੜੀਆਂ ਦਾ ਆਲ੍ਹਣਿਆਂ ਦੀ ਭਾਲ ਵਿੱਚ ਆਉਣਾ ਜਾਰੀ ਰਿਹਾ, ਪਰ ਸਮਾਂ ਪਾ ਕੇ ਉਨ੍ਹਾਂ ਦਾ ਆਉਣਾ ਹਮੇਸ਼ਾ ਲਈ ਬੰਦ ਹੋ ਗਿਆ।

ਫਿਰ ਕੁਝ ਦਿਨ ਪਹਿਲਾਂ ਮੈਂ ਵੇਖਿਆ ਕਿ ਉਸੇ ਵਰਾਂਡੇ ਦੀ ਛੱਤ ਵਿੱਚ ਕੁਝ ਚਿੜੀਆਂ ਦੇ ਜੋੜੇ ਆਲ੍ਹਣਾ ਪਾਉਣ ਲਈ ਆ ਗਏ। ਉਹ ਇਧਰ ਉਧਰ ਬੰਦ ਮੋਘਿਆਂ ਵੱਲ ਜਾ ਰਹੇ ਸਨ, ਪਰ ਉਨ੍ਹਾਂ ਦੀ ਸਾਰੀ ਕੋਸ਼ਿਸ਼ ਵਿਅਰਥ ਜਾ ਰਹੀ ਸੀ। ਥੱਕ ਹਾਰ ਕੇ ਉਹ ਇੱਕ ਥਾਂ ਬੈਠ ਗਏ। ਨਾ ਕਾਮਯਾਬ ਹੁੰਦਿਆਂ ਮਜਬੂਰ ਤੇ ਲਾਚਾਰੀ ਭਰੀਆਂ ਨਜ਼ਰਾਂ ਨਾਲ ਇੱਕ ਵਾਰ ਉਨ੍ਹਾਂ ਨੇ ਮੇਰੇ ਵੱਲ ਵੇਖਿਆ, ਜਿਵੇਂ ਅਹਿਸਾਸ ਕਰਵਾ ਰਹੇ ਹੋਣ ਕਿ ਤੁਸੀਂ ਇਨਸਾਨ ਬਹੁਤ ਸਵਾਰਥੀ ਹੋ। ਫਿਰ ਉਹ ਉਡ ਗਏ, ਜਿਵੇਂ ਕਹਿ ਗਏ ਹੋਣ ਕਿ ਹੁਣ ਅਸੀਂ ਦੁਬਾਰਾ ਨਹੀਂ ਆਉਣਾ। ਮੈਨੂੰ ਗਲਤੀ ਦਾ ਅਹਿਸਾਸ ਹੋ ਚੁੱਕਾ ਸੀ। ਬੱਚਿਆਂ ਦੀ ਮਦਦ ਨਾਲ ਮੈਂ ਕਈ ਮੋਘੇ ਖਾਲੀ ਕਰ ਦਿੱਤੇ। ਉਮੀਦ ਸੀ ਕਿ ਪੰਛੀ ਜਲਦੀ ਵਾਪਸ ਆ ਜਾਣਗੇ, ਪਰ ਅੱਜ ਤੱਕ ਵੀ ਮੇਰੀਆਂ ਆਸਾਂ ਨੂੰ ਬੂਰ ਨਹੀਂ ਪਿਆ। ਸ਼ਾਇਦ ਇਹ ਪੰਛੀ ਸਾਡੇ ਤੋਂ ਬਹੁਤ ਦੂਰ ਜਾ ਚੁੱਕੇ ਹਨ।

## ਪੁਲਸ ਦੀ ਹੜਤਾਲ

-ਸੁਖਜੀਤ ਸਿੰਘ ਗਿੱਲ

ਦੇਸ਼ ਦੇ ਇਤਿਹਾਸ ਵਿੱਚ ਇੰਝ ਕਦੇ ਨਹੀਂ ਹੋਇਆ ਕਿ ਪੁਲਸ ਵੀ ਹੜਤਾਲ ਉਤੇ ਗਈ ਹੋਵੇ। ਪੁਲਸ ਮੁਲਾਜ਼ਮਾਂ ਨੂੰ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਪਹਿਲੀ ਵਾਰ ਵੇਖ ਕੇ ਸਭ ਹੈਰਾਨ ਸਨ। ਮੀਡੀਆ ਵਾਲੇ ਵੀ ਇਕੱਠੇ ਹੋਣ ਲੱਗੇ। ਵਿੱਚੋਂ ਇੱਕ ਪੱਤਰਕਾਰ ਨੇ ਪੁੱਛ ਲਿਆ, ਦੱਸੋ ਤਾਂ ਸਹੀ, ਗੱਲ ਕੀ ਹੈ? ਇੱਕ ਪੁਲਸ ਮੁਲਾਜ਼ਮ ਨੇ ਦੱਸਿਆ ਕਿ ਸਰਕਾਰ ਨੇ ਇੱਕ ਨਵੇਂ ਨਿਯਮ ਦਾ ਐਲਾਨ ਕੀਤਾ ਹੈ ਕਿ ਹਰ ਮੁਲਾਜ਼ਮ ਦੇ ਕੱਦ ਤੇ ਉਮਰ ਮੁਤਾਬਕ ਭਾਰ ਮਿਥਿਆ ਜਾਵੇਗਾ, ਜਿਸ ਦਾ ਭਾਰ ਮਿੱਥੇ ਭਾਰ ਤੋਂ ਜਿੰਨੇ ਫੀਸਦੀ ਵਧੇਗਾ, ਉਸ ਦੀ ਤਨਖਾਹ ਦਾ ਓਨੇ ਫੀਸਦੀ ਉਸ ਨੂੰ ਕਟੌਤੀ ਕਰ ਕੇ ਮਿਲੇਗਾ ਤੇ ਹਰ ਕਿਸੇ ਨੂੰ ਤਨਖਾਹ ਹਰ ਮਹੀਨੇ ਭਾਰ ਤੋਲਣ ਤੋਂ ਬਾਅਦ ਮਿਲਿਆ ਕਰੇਗੀ। ਨਵੇਂ ਨਿਯਮ ਨੂੰ ਸੁਣ ਕੇ ਪੱਤਰਕਾਰ ਅੰਦਰੋਂ-ਅੰਦਰੋਂ ਹੱਸ ਰਿਹਾ ਸੀ, ਕਿਉਂਕਿ ਜਿਹੜੇ ਪੈਸੇ ਇਨ੍ਹਾਂ ਦੇ ਸਰੀਰ ਦਾ ਭਾਰ ਤੇ ਜੇਬ ਦਾ ਭਾਰ ਵਧਾ ਰਹੇ ਸਨ, ਉਹੀ ਇਨ੍ਹਾਂ ਦੀ ਅਸਲੀ ਤਨਖਾਹ ਨੂੰ ਘਟਾ ਰਹੇ ਸਨ। ਸ਼ਾਇਦ ਇਸ ਤਰ੍ਹਾਂ ਹੀ ਰਿਸ਼ਵਤਖੋਰੀ ਨੂੰ ਕੋਈ ਲਗਾਮ ਲੱਗ ਜਾਵੇ।

## ਵਾਈ-ਫਾਈ

-ਇਕਵਾਕ ਸਿੰਘ ਪੱਟੀ

ਉਜਾਗਰ ਸਿੰਘ ਅਕਸਰ ਹੀ ਸੋਚਦਾ ਕਿ ਭਲਿਆਂ ਵੇਲਿਆਂ ਵਾਂਗ ਕਦੇ ਹੁਣ ਵੀ ਕੋਈ ਸਮਾਂ ਕੱਢ ਕੇ, ਸਾਰੇ ਰਿਸ਼ਤੇਦਾਰ ਇਕੱਠੇ ਹੋ ਜਾਣ ਤਾਂ ਕਿੰਨਾ ਚੰਗਾ ਲੱਗੇ। ਪੋਤਰੇ ਦੇ ਵਿਆਹ ਦਾ ਮੌਕਾ ਬਣਿਆ। ਸਾਦਗੀ ਨਾਲ ਵਿਆਹ ਤੋਂ ਬਾਅਦ ਖਾਸ ਰਿਸੈਪਸ਼ਨ ਪਾਰਟੀ ਰੱਖ ਲਈ। ਪਾਰਟੀ ਦੇ ਦਿਨ ਨੇੜੇ ਆ ਰਹੇ ਸਨ, ਰਿਸ਼ਤੇਦਾਰਾਂ ਦੀ ਗਿਣਤੀ ਬਾਰੇ ਗੱਲ ਕਰਦਿਆਂ ਉਸ ਦੇ ਯਾਰ ਬੰਤਾ ਸਿੰਘ ਨੇ ਪੁੱਛ ਲਿਆ, ''ਭਾਈ! ਕਿੰਨੇ ਕੁ ਬੰਦੇ ਆਉਂਦੇ ਨੇ, ਭਲਾ ਕਿੰਨੀ ਕੁ ਗਿਣਤੀ ਬਣ ਜੂ?''

ਉਜਾਗਰ ਸਿੰਘ ਮੁਸਕਰਾਉਂਦਾ ਹੋਇਆ ਕਹਿਣ ਲੱਗਾ, 'ਭਾਈ ਇਸ ਵਾਰ ਸਾਰੇ ਦੇ ਸਾਰੇ ਪਰਵਾਰ ਆਉਣਗੇ ਤੇ ਰਿਸ਼ਤੇਦਾਰਾਂ ਦੀ ਗਿਣਤੀ ਕਰਨੀ ਵੀ ਔਖੀ ਹੋ ਜਾਣੀ ਏਂ ਕਿਉਂਕਿ ਸਾਰਿਆਂ ਨੂੰ ਇਕੱਠੇ ਵੇਖਣ ਦੀ ਮੇਰੀ ਇੱਛਾ ਹੈ। ਇਸੇ ਲਈ ਕਾਰਡਾਂ ਉਤੇ ਇਹ ਮੋਟਾ ਕਰ ਕੇ ਛਪਵਾ ਦਿੱਤਾ ਸੀ ਕਿ ਰਿਸੈਪਸ਼ਨ ਮੌਕੇ ਅਨਲਿਮਟਿਡ ਵਾਈ ਫਾਈ ਵਰਤਣ ਦੀ ਖੁੱਲ੍ਹ ਹੋਵੇਗੀ। ਹੁਣ ਨਹੀਂ ਰਹਿੰਦਾ ਬੰਤਾ ਸਿਹਾਂ ਕੋਈ ਘਰ। ਸਭ ਨਿਆਣੇ ਸਿਆਣੇ ਆਉਣਗੇ।''

## 2 bedroom basement available

Available from 1st week of February Well clean and fully furnished 2 bedroom basement is available for rent in Malton area near Singh sabha gurdwara. Internet and laundry available.

Call 905-848-5464

# ਨਹੀਂ ਭੁੱਲਦੇ ਬਚਪਨ ਦੇ ਉਹ ਦਿਨ



-ਰਮੇਸ਼ ਸੇਠੀ ਬਾਦਲ-

ਮੇਰੇ ਬਚਪਨ ਦੇ ਮੁੱਢਲੇ ਪੰਦਰਾਂ ਕੁ ਸਾਲ ਪਿੰਡ ਵਿੱਚ ਗੁਜ਼ਰੇ। ਦਸਵੀਂ ਕਰਨ ਪਿੱਛੋਂ ਮੈਂ ਸ਼ਹਿਰੀਆ ਹੋ ਗਿਆ ਸੀ। ਮੇਰਾ ਪਿੰਡ ਘੁਮਿਆਰਾ ਪੰਜਾਬ ਵਿੱਚ ਪੈਂਦਾ ਹੈ, ਪਰ ਰਾਜਸਥਾਨ ਅਤੇ ਹਰਿਆਣਾ ਦੀ ਸਰਹੱਦ ਬਹੁਤ ਦੂਰ ਨਹੀਂ। ਭਾਵੇਂ ਇਹ ਮਾਲਵਾ ਖਿੱਤੇ ਦਾ ਪੱਛੜਿਆ ਹੋਇਆ ਪਿੰਡ ਹੈ, ਪਰ ਪੰਜਾਬੀ ਸੱਭਿਅਤਾ ਦਾ ਬੇਜੋੜ ਮਾਡਲ ਹੈ। ਇਥੋਂ ਦੇ ਲੋਕ ਸੁਭਾਅ ਪੱਖੋਂ ਬਹੁਤ ਵਧੀਆ ਹਨ। ਇਸੇ ਕਰਕੇ ਮੇਰੀ ਬੋਲ ਬਾਣੀ, ਰਹਿਣੀ ਸਹਿਣੀ ਮਾਲਵੇ ਵਾਲੀ ਹੀ ਹੈ। ਸਿੱਧੀ ਗੱਲ ਕਹਿਣੀ, ਠਾਹ ਸੋਟਾ ਮਾਰਨਾ, ਕੋਈ ਵਲ ਫਰੇਬ ਨਹੀਂ ਰੱਖਣਾ, ਇਹ ਸਭ ਮੈਂ ਬਚਪਨ 'ਚ ਹੀ ਸਿੱਖਿਆ। ਅਸੀਂ ਪਿੰਡਾਂ ਵਾਲੇ ਆਪਣੇ ਆਂਢੀਆਂ ਗੁਆਂਢੀਆਂ ਨਾਲ ਆਪਣਿਆਂ ਵਾਂਗੂ ਵਰਤਦੇ ਸੀ। ਮੇਰੀ ਮਾਂ ਦੇ ਹਾਣ ਦੀਆਂ ਨੂੰ ਤਾਈ ਚਾਚੀ ਆਖਣਾ ਅਤੇ ਵੱਡੀ ਉਮਰ ਦੀਆਂ ਔਰਤਾਂ ਨੂੰ ਅੰਮਾ ਜਾਂ ਅੰਬੋ ਆਖਣਾ। ਬੰਦਿਆਂ ਨੂੰ ਚਾਚਾ ਚਾਇਆ ਜਾਂ ਬਾਬਾ ਆਖਦਾ। ਜੀ ਲਾਉਣ ਦਾ ਬਹੁਤਾ ਰਿਵਾਜ਼ ਨਹੀਂ ਸੀ। ਨਾ ਹੀ ਕਿਸੇ ਨੇ ਜੀ ਕਹਿਣ ਦੀ ਆਦਤ ਪਾਈ। ਇਸ ਲਈ ਕਦੇ ਕਿਸੇ ਨੇ ਟੋਕਿਆ ਨਾ। ਤਾਈ ਸੁਰਜੀਤ ਕੁਰ, ਤਾਈ ਧੰਨੋ, ਤਾਈ ਕੋੜੋ ਅਤੇ ਚਾਚੀ ਨਿੱਕੋ, ਚਾਚੀ ਜੱਸ ਕੁਰ, ਚਾਚੀ ਖੰਡ ਵਾਲੀ ਅਤੇ ਅੰਬੋ ਹਰਨਾਮ ਕੁਰ ਅਤੇ ਅੰਬੋ ਬੌਣੀ ਜਿਵੇਂ ਮੇਰੀਆਂ ਸਕੀਆਂ ਸਨ। ਮੇਰੀ ਮਾਂ ਨਾਲ ਸਭ ਦਾ ਮੋਹ ਪਿਆਰ ਤੇ ਅਪਣੱਤ ਸੀ। 'ਕਰਤਾਰ ਕੁਰੇ ਲੈ ਆਹ ਸਾਗ ਲਿਆਇਆ ਸੀ ਛਿੰਦੀ ਦਾ ਬਾਪੂ। ਤੁਸੀਂ ਰਿੰਨ੍ਹ ਲਿਉਂ' ਤਾਈ ਕੋੜੋ ਕਹਿੰਦੀ। ਸੁਰਜੀਤ ਕੁਰ ਘਰੋਂ ਜੇ ਲੱਸੀ ਨਾ ਲੈਣ ਜਾਂਦੇ ਤਾਂ ਉਹ ਸਾਡੇ ਲਈ ਲੱਸੀ ਸੰਭਾਲ ਕੇ ਰੱਖਦੀ। ਇਹੋ ਹਾਲ ਚਾਚੇ ਠਾਣੇ ਕੇ ਘਰ ਸੀ। ਸਾਡੇ ਲਈ ਲੱਸੀ ਅੱਡ ਰੱਖਦੇ। ਸਾਰੇ ਮੇਰਾ ਬਹੁਤ ਖਿਆਲ ਰੱਖਦੇ ਸਨ। ਵੈਸੇ ਤਾਇਆ ਬਾਊ ਮੇਰੇ ਪਾਪਾ ਜੀ ਦਾ ਭਰਾ ਬਣਿਆ ਹੋਇਆ ਤੇ ਉਸ ਦਾ ਪਿਉ ਬਾਬਾ ਬਲਬੀਰ ਮੇਰੇ ਦਾਦੇ ਦਾ ਪਾਗੀ ਸੀ। ਮੇਰੇ ਦਾਦੇ ਦਾ ਜੰਗ ਫੌਜੀ, ਬਾਬਾ ਹਾਕਮ ਜਿਸ ਨੂੰ ਅਸੀਂ ਬਾਬਾ ਚੁਬਾਰਾ ਆਖਦੇ ਸੀ ਤੇ ਸਾਹਿਬ ਸਿੰਘ ਨੰਬਰਦਾਰ ਨਾਲ ਪੱਕਾ ਯਰਾਨਾ ਸੀ।

ਮੇਰੀ ਮਾਂ ਕਿਸੇ ਸਹੇਲੀ ਨੂੰ ਕਦੇ ਜਵਾਬ ਨਾ ਦਿੰਦੀ। ਕਰਤਾਰ ਕੁਰੇ ਅਚਾਰ ਦੀ ਫਾੜੀ ਤਾਂ ਦੇਈਂ। ਕਰਤਾਰ ਕੁਰੇ ਭੋਰਾ ਕੁ ਸਬਜ਼ੀ ਹੈਗੀ, ਬਟਾਊ ਆ ਗਿਆ। ਕਰਤਾਰ ਕੁਰੇ ਖੰਡ ਦੀ ਕੌਲੀ ਦੇ। ਜਦੋਂ ਡਿੱਪੂ ਤੋਂ ਲਿਆਂਦੀ ਮੋੜ ਜਾਂਗੀ। ਮੇਰੀ ਮਾਂ ਜਵਾਂ ਨਾ ਖਿਝਦੀ। ਕੋਈ ਨਾ, ਉਹ ਜਾਣੇ, ਆਖ ਕੇ ਮਨ ਨੂੰ ਧਰਵਾਸ ਦਿੰਦੀ। ਮਾਂ ਆਪਣੀਆਂ ਭਤੀਜੀਆਂ-ਭਾਣਜੀਆਂ ਲਈ ਦਰੀਆਂ ਤੇ ਖੇਸ ਬਣਾਉਂਦੀ। ਮੇਰੀਆਂ ਇਹੋ ਤਾਈਆਂ ਚਾਚੀਆਂ ਮੇਰੀ ਮਾਂ ਦੀ ਪੂਰੀ ਮਦਦ ਕਰਦੀਆਂ। ਜੇ ਕਦੇ ਕਿਸੇ ਕਾਰਨ ਅਸੀਂ ਮੱਝ ਲਈ ਪੱਠੇ ਚਾਰਾ ਨਾ ਲਿਆ ਸਕਦੇ ਤਾਂ ਕਿਸੇ ਨਾ ਕਿਸੇ ਘਰੋਂ ਕੁਤਰਿਆ ਹੋਇਆ ਚਾਰਾ ਆ ਜਾਂਦਾ। ਇਹ ਹੀ ਸਾਡਾ ਸੱਭਿਆਚਾਰ ਤੇ ਮੇਲ ਮਿਲਾਪ ਸੀ। ਜੇ ਕੋਈ ਸਾਡਾ ਸਾਈਕਲ ਮੰਗਵਾਂ ਲੈ ਵੀ ਜਾਂਦਾ ਤਾਂ ਅਸੀਂ ਕਿਸੇ ਨਾ ਕਿਸੇ ਦਾ ਊਠ ਬੋਤੀ ਮੰਗ ਕੇ ਮੱਝ ਲਈ ਖੇਤੋਂ ਪੱਠੇ ਲੈ ਆਉਂਦੇ। ਜਾਤ ਬਿਰਾਦਰੀ ਦੀ ਵਿਚਾਰ ਕੀਤੇ ਬਿਨਾਂ ਸਾਡਾ ਵਰਤ ਵਰਤਾਵਾ ਬਹੁਤ ਵਧੀਆ ਸੀ। ਕਿਸੇ ਨਾਲ ਕਦੇ ਗੁੱਸੇ ਹੋ ਜਾਂਦੇ ਤਾਂ ਥੋੜ੍ਹੇ ਵਕਤ ਬਾਅਦ ਦੋਵੇਂ ਧਿਰਾਂ ਉਸ ਨੂੰ ਭੁੱਲ ਜਾਂਦੀਆਂ ਤੇ ਲੀਹੋਂ ਲੱਥੀ ਗੱਡੀ ਫਿਰ ਰਿੜ੍ਹ ਪੈਂਦੀ। ਕੋਈ ਕਿਸੇ ਪ੍ਰਤੀ ਦਿਲ ਵਿੱਚ ਮੈਲ ਨਾ ਰੱਖਦਾ।

ਕੇਰਾਂ ਸਰਦੀਆਂ ਜਿਹੀਆਂ ਵਿੱਚ ਅਸੀਂ ਤਿੰਨੇ ਭੈਣ ਭਰਾ ਬਿਮਾਰ ਹੋ ਗਏ। ਉਸ ਸਾਲ ਠੰਢ ਵੀ ਬਹੁਤ ਸੀ। ਪੋਹ ਮਾਘ ਦਾ ਮਹੀਨਾ ਸੀ। ਸਾਡੀ ਸੇਵਾ ਵਿੱਚ ਲੱਗੀ ਮੇਰੀ ਮਾਂ ਨੂੰ ਵੀ ਬੁਖ਼ਾਰ ਨੇ ਆਪਣੀ ਲਪੇਟ ਵਿੱਚ ਲੈ ਲਿਆ ਤੇ ਮੇਰੀ ਮਾਂ ਨੇ ਵੀ ਮੰਜਾ ਮੱਲ ਲਿਆ। ਕਹਿੰਦੇ, ਉਸ ਨੂੰ ਨਮੂਨੀਆ ਹੋ ਗਿਆ। ਅਸੀਂ ਰੋਟੀ ਟੁੱਕ ਤੋਂ ਔਖੇ ਹੋ ਗਏ, ਪਰ ਧੰਨ ਮੇਰੀ ਮਾਂ ਦੀਆਂ ਸਹੇਲੀਆਂ ਦੇ। ਕਿਸੇ ਗੱਲ ਦੀ ਤੋਟ ਨਾ ਆਉਣ ਦਿੱਤੀ। ਅੰਬੋ ਬੌਣੀ, ਜਿਸ ਦਾ ਅਸਲ ਨਾਂ ਹਰ ਕੁਰ ਸੀ, ਜੋ ਉਸ ਦੀ ਸੱਜੀ ਬਾਂਹ 'ਤੇ ਉਕਰਿਆ ਹੋਇਆ ਸੀ, ਸਵੇਰੇ ਸ਼ਾਮ ਸਾਡਾ ਪਤਾ ਲੈਣ ਆਉਂਦੀ। ਉਸ ਦਾ ਕੱਦ ਚਾਰ ਫੁੱਟ ਦਾ ਸੀ ਤੇ ਸਾਰੇ ਉਸ ਨੂੰ ਅੰਮਾ ਬੌਣੀ ਆਖਦੇ ਸਨ। ਉਹ ਦੋਵੇਂ ਵੇਲੇ ਦਾਲ ਦੀ ਕੌਲੀ ਜ਼ਰੂਰ ਦੇ ਕੇ ਜਾਂਦੀ। ਬਹੁਤੀ ਵਾਰ ਉਹ ਚਾਰ ਰੋਟੀਆਂ ਵੀ ਆਪਣੇ ਤੰਦੂਰ ਤੋਂ ਲਾਹ ਕੇ ਦੇ ਜਾਂਦੀ। ਕਦੇ-ਕਦੇ ਮੇਰੀ ਮਾਂ ਆਟਾ ਗੁੰਨ੍ਹ ਕੇ ਭੇਜ ਦਿੰਦੀ ਤੇ ਅੰਮਾ ਬੌਣੀ ਕਿਸੇ ਨਾ ਕਿਸੇ ਨੂੰ ਕਹਿ ਕੇ ਚਾਰ ਰੋਟੀਆਂ ਲੁਹਾ ਕੇ ਘੱਲ ਦਿੰਦੀ।

'ਕੁੜੇ ਆਹ ਕੀ ਕੜਿਆੜਾਂ ਵਾਲੀ ਪਤਲੀ ਜਿਹੀ ਰਜਾਈ ਲਈ ਪਈ ਹੈ। ਇਸ ਨਾਲ ਪਾਲਾ ਕਿਵੇਂ ਰੁਕੂ?' ਇਕ ਦਿਨ ਕੁਵੇਲੇ ਜਿਹੇ ਦਾਲ ਦੀ ਕੌਲੀ ਦੇਣ ਆਈ ਅੰਮਾ ਬੌਣੀ ਨੇ ਮੇਰੀ ਮਾਂ ਨੂੰ ਟੋਕਿਆ। ਕਿਉਂਕਿ ਮੇਰੀ ਮਾਂ ਕੋਲ ਹੋਲੀ ਜਿਹੀ ਰਜਾਈ ਸੀ, ਜਿਸ ਉੱਤੇ ਚਿੱਟਾ ਗਿਲਾਫ ਚੜ੍ਹਿਆ ਸੀ। ਮੇਰੀ ਮਾਂ ਚੁੱਪ ਕਰ ਗਈ। ਉਹ ਕੁਝ ਨਾ ਬੋਲੀ। ਅੰਮਾ ਬੌਣੀ ਵੀ ਮੇਰੀ ਮਾਂ ਦੀ ਮਜ਼ਬੂਰੀ ਸਮਝ ਗਈ। ਅਗਲੇ ਦਿਨ ਅੰਮਾ ਬੌਣੀ ਘਰ ਦੀ ਬਣੀ ਦੋਹਰ ਲੈ ਆਈ ਤੇ ਉਸ ਦੀ ਰਜਾਈ ਸਿਉ ਕੇ ਨਗੰਦ ਦਿੱਤੀ। ਦੋਹਰ ਘਰ ਦੇ ਬਣੇ ਖੇਸ ਵਰਗੀ ਹੁੰਦੀ ਹੈ। ਸਾਨੂੰ ਰੇਸ਼ਮੀ ਰਜਾਈਆਂ ਲੈਣ ਵਾਲੀਆਂ ਨੂੰ ਮੋਟੀ ਸੂਤੀ ਰਜਾਈ ਦੇ ਗੁਣਾਂ ਦਾ ਕੀ ਪਤਾ। ਸੱਚੀ ਉਹ ਰਜਾਈ ਜਾਦੂਈ ਸੀ। ਉਸ ਵਿੱਚ ਭੋਰਾ ਵੀ ਠੰਢ ਨਹੀਂ ਸੀ ਲੱਗਦੀ। ਬਾਅਦ ਵਿੱਚ ਮੇਰੀ ਮਾਂ ਨੇ ਅੰਮਾ ਨੂੰ ਦੋਹਰ ਦੇ ਪੈਸੇ ਦੇਣ ਦੀ ਕੋਸ਼ਿਸ਼ ਕੀਤੀ, ਪਰ ਅੰਮਾ ਨੇ ਪੈਸੇ ਨਾ ਲਏ। 'ਮੈਂ ਤਾਂ ਨਹੀਂ ਇਹ ਪੈਸੇ ਲੈਣੇ। ਮੈਂ ਕਿਹੜਾ ਕਿਤੋਂ ਮੁੱਲ ਲਿਆਂਦੀ ਹੈ। ਇਹ ਤਾਂ ਮੈਨੂੰ ਮਿਲੀ ਸੀ।' ਅੰਮਾ ਦਾ ਇਹੋ ਜਵਾਬ ਸੀ। ਦਰਅਸਲ ਅੰਮਾ ਪਿੰਡ ਵਿੱਚ ਵਿਚੋਲਗਿਰੀ ਦਾ ਕੰਮ ਵੀ ਕਰਦੀ ਸੀ।

ਕਿਸੇ ਨਾ ਕਿਸੇ ਦਾ ਰਿਸ਼ਤਾ ਕਰਾਈ ਰੱਖਦੀ ਤੇ ਅੰਮਾ ਨੂੰ ਖੇਸ ਕੰਬਲ ਵਾਧੂ ਜੁੜ ਜਾਂਦੇ ਸਨ। ਚਾਹੇ ਤਕਰੀਬਨ ਹਰ ਰਿਸ਼ਤੇ ਵਿੱਚ ਅੰਮਾ ਨੂੰ ਗਾਲਾਂ ਮਿਲਦੀਆਂ, ਪਰ ਅੰਮਾ ਫਿਰ ਵੀ ਕੋਈ ਨਾ ਕੋਈ ਭੇੜ ਭਿੜਾਈ ਰੱਖਦੀ। ਅੰਮਾ ਬੌਣੀ ਸਾਡੇ ਵਿਰਸੇ ਤੇ ਸੱਭਿਆਚਾਰ ਦੀ ਮਿਸਾਲ ਸੀ। ਹੁਣ ਜਦ ਉਨ੍ਹਾਂ ਪੁਰਾਣੇ ਵੇਲਿਆਂ ਨੂੰ ਯਾਦ ਕਰੀਦਾ ਹੈ ਤਾਂ ਮੌਜੂਦਾ ਸਮੇਂ ਦੀ ਚਮਕ ਦਮਕ ਫਿੱਕੀ ਲੱਗਦੀ ਹੈ। ਉਦੋਂ ਭਾਈਚਾਰਕ ਸਾਂਝ ਤੇ ਇਕ ਦੂਜੇ ਦਾ ਦੁੱਖ ਦਰਦ ਆਪਣਾ ਦੁੱਖ ਸਮਝਿਆ ਜਾਂਦਾ ਸੀ, ਹੁਣ ਉਹ ਗੱਲਾਂ ਕਿੱਥੇ ਰਹੀਆਂ। ਇਨਸਾਨ ਵਿੱਚ ਸਵਾਰਥ ਇੰਨਾ ਵਧ ਚੁੱਕਾ ਹੈ ਕਿ ਆਪਣੇ ਸਕੇ ਸਬੰਧੀਆਂ ਤੇ ਕਰੀਬੀ ਰਿਸ਼ਤਿਆਂ ਦੀ ਪ੍ਰਵਾਹ ਨਹੀਂ ਕਰਦਾ, ਹੋਰਾਂ ਦਾ ਕੀ ਕਰੂ। ਕਾਸ਼! ਉਹੀ ਭਾਈਚਾਰਕ ਸਾਂਝ ਹੁਣ ਆ ਜਾਵੇ।

## CELLNTELL DISTRIBUTION INC

1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

* Create and establish finance operational methods /policies or strategies by evaluating trends to increase the growth of business.
* Determine the company's mission and strategic direction as conveyed through policies and concrete objectives which are met through the effective management of human, financial and material resources
* Authorize and organize the establishment of major departments and associated senior staff positions
* Plan, Monitor and review job contributions and compensation strategies.
* Establish productivity, quality and customer service strategies.
* Conduct operation strategies to improve, reduce cost and system enhancement.
* Monitor and Manage support services for accounts and finance. Facilitate coordination and communication between support functions.
* Represent the organization, or delegate representatives to act in negotiations or other official functions.

Salary: $52.50 per hour with 35hrs week, Experience:5 yrs, Bachelor's Degree (Required) with English Proficiency.

Email Resume : umar.w@cellntell.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty
Free valuation & Lowest Commission
▪ We Help to get mortgage
▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।


AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative


ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
INDEPENDENTLY OWNED AND OPERATED

You're Invited To..
**OPEN HOUSE**
Saturday/Sunday 2pm to 4pm

"ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ"

1 Lagos Road | Etobicoke, Ontario



This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.

For More listings Visit anabelaserra.com





